ਐਤਵਾਰ ਸੈਪਸ਼ਲ

ਐਤਵਾਰ, 15 ਸਤੰਬਰ 2024


# ਲੋਕ ਬਾਣੀ

# ਜਿੱਥੇ ਕਨੇਡੀਅਨ ਮੁਟਿਆਰਾਂ ਪੰਜਾਬੀ ਗੀਤਾਂ 'ਤੇ ਭੰਗੜਾ ਪਾਉਂਦੀਆਂ ਹਨ





ਕਨੇਡਾ ਵਿਚ ਅਨੇਕਾਂ ਹੀ ਖ਼ੂਬਸੂਰਤ ਝੀਲਾਂ ਹਨ। ਆਕਾਰ ਵਿਚ, ਮਿਆਰ ਵਿਚ, ਦ੍ਰਿਸ਼ਾਵਲੀਆਂ ਵਿਚ ਅਤੇ ਛੋਟੇ ਛੋਟੇ ਟਾਪੂਆਂ ਦੇ ਸੁਮੇਲ ਨਾਲ। ਪਰ ਸਿਲਵਨ ਲੇਕ ਦੀ ਅਦਭੁਦਤਾ ਵਿਸ਼ਵ ਪ੍ਰਸਿੱਧ ਹੈ। ਅਨੇਕਾਂ ਹੀ ਲੋਕ (ਘੁਮੱਕੜ) ਯਾਤਰੀ ਇਸ ਝੀਲ ਦੇ ਦਰਸ਼ਨ ਕਰਨ ਅਤੇ ਇਸ ਦਾ ਪਰਿਪੂਰਨਤਾ ਯੁਕਤ ਅਨੰਦ ਮਾਣਨ ਲਈ ਆਉਂਦੇ ਹਨ। ਝੀਲਾਂ ਦਾ ਸੁੰਦਰ ਮਨ ਮੋਹਣਾ ਜਿਸਮ ਸਮੋਹਿਕਤਾ ਅਤੇ ਰੁਮਾਂਟਿਕਤਾ ਦੇ ਨਾਲ ਨਾਲ ਰੋਮਾਂਚ ਪੈਦਾ ਕਰਦਾ ਹੈ। ਝੀਲ ਵਿਚ ਤੈਰਦੇ ਅਤੇ ਲਹਿਰਾਂ ਨਾਲ ਅੱਠਖੇਲੀਆਂ ਕਰਦੇ ਸੁੰਦਰ ਅਰਧ ਨਗਨ ਜਿਸਮ, ਧਿਆਨ ਅਤੇ ਲਲਕ ਨੂੰ ਉੱਤੇਜਿਤ ਕਰਦੇ ਹੋਏ ਨਵੀਂ ਜੀਵਨ ਦ੍ਰਿਸ਼ਟੀ ਵਿਚ ਜੀਵਨ ਦੀ ਤੀਬਰ ਇੱਛਾ ਪੈਦਾ ਕਰਦੇ ਹਨ, ਜੋ ਸਕੂਨ ਅਤੇ ਅਧਿਆਤਮਿਕਤਾ ਦੀ ਕੂਜੀ ਹੈ। ਸਿਲਵਨ ਲੇਕ ਦਾ ਸਮੁੱਚਾ ਵਿਸ਼ਵ ਵਿਆਪੀ ਸੰਦੇਸ਼ ਹੈ ਕਿ ਸਾਰਾ ਵਿਸ਼ਵ ਸੰਸਾਰ ਸਮੁੱਚਾ ਭੂੰ-ਮੰਡਲ ਇੱਕ ਹੀ ਹੈ। ਮਾਨਵ ਜੀਵਨ ਵਿਚ ਸੰਪੂਰਨ ਮਾਨਵ ਜਾਤੀ ਵੀ ਇੱਕ ਹੀ ਹੈ। ਜੀਵਨ ਨੂੰ ਅਨੰਦਮਈ ਬਣਾਉਂਦੀ ਹੈ। ਝੀਲ ਦੇ ਰੂਪ ਅਤੇ ਸਵਭਾਵ ਦੋਵੇਂ ਹੀ ਮੈਤਰੀਪੂਰਨ ਹਨ। ਪ੍ਰੇਮ ਨਾਲ ਪ੍ਰਫੁਲਿਤ ਸ਼ਾਂਤੀ ਹੀ ਸ਼ਾਂਤੀ ਹੈ। ਦੂਰ ਦੂਰ ਤੱਕ ਪਾਣੀ ਦੀ ਪ੍ਰਤਿਸ਼ਠਾ ਅਤੇ ਕੁਲੀਨਤਾ ਸ਼ਾਂਤੀ ਅਤੇ ਅਧਿਆਤਮਿਕਤਾ ਦੇ ਦਰਵਾਜ਼ੇ ਖੋਲ੍ਹਦੀ ਹੈ। ਸਿਲਵਨ ਲੇਕ ਦੇ ਨਾਂ 'ਤੇ ਵਸਾਇਆ ਗਿਆ ਇੱਕ ਖ਼ੂਬਸੂਰਤ ਸ਼ਹਿਰ ਹੈ। ਸਿਲਬਨ ਦਾ ਮਤਲਬ ਹੈ ਜੰਗਲੀ। ਲਗਭਗ 1912 ਨੂੰ ਇਹ ਛੋਟਾ ਜਿਹਾ ਪਿੰਡ ਵਸਿਆ ਅਤੇ 20



ਮਈ 1946 ਨੂੰ ਇੱਕ ਸਥਾਪਿਤ ਸ਼ਹਿਰ ਹੋਂਦ ਵਿਚ ਆ ਗਿਆ। ਇਸ ਝੀਲ ਨੂੰ ਵੇਖਣ ਲਈ ਹਰ ਸਾਲ ਲੱਖਾਂ ਹੀ ਲੋਕ ਵੱਖ ਵੱਖ ਦੇਸ਼ਾਂ ਦੇ ਆਉਂਦੇ ਹਨ। ਇਸ ਝੀਲ ਨੂੰ ਪਹਿਲਾਂ ਮੇਥੀ ਸਵਾਨ ਅਤੇ ਸਕੇਲ ਝੀਲ ਦੇ ਨਾਵਾਂ ਨਾਲ ਜਾਣਿਆ ਜਾਂਦਾ ਸੀ। ਇਸ ਦਾ ਇੱਕ ਅਨੋਖਾ ਇਤਿਹਾਸ ਹੈ। ਸ਼ੁਰੂ ਸ਼ੁਰੂ ਵਿਚ ਨਿਵਾਸੀ ਕਿਉਬੇਕ ਅਤੇ ਸੰਯੁਕਤ ਰਾਸ਼ਟਰ ਅਮਰੀਕਾ ਤੋਂ ਆਏ ਫਰੈਂਚ ਭਾਸ਼ੀ ਲੋਕ ਸਨ।

ਸਿਲਵਨ ਲੇਕ ਵੇਖਣ ਲਈ ਅਸੀਂ ਦੋ ਪਰਿਵਾਰ ਤਿਆਰ ਹੋ ਗਏ। ਐਡਮਿੰਟਨ ਤੋਂ ਦੋ ਘੰਟਿਆਂ ਦਾ ਰਸਤਾ ਹੋਵੇਗਾ ਰੈਡ ਡੀਅਰ ਸ਼ਹਿਰ ਤੋਂ ਲਗਭਗ 20 ਮਿੰਟ ਕਾਰ ਦਾ ਰਸਤਾ ਹੈ। ਅਸੀਂ ਲਗਭਗ ਦੁਪਹਿਰ 12 ਵਜੇ ਦੇ ਕਰੀਬ ਇੱਥੇ ਪਹੁੰਚੇ ਪਰ ਬੈਠਣ ਲਈ ਕਿਤੇ ਥਾਂ ਨਹੀਂ ਸੀ ਮਿਲ ਰਹੀ ਹਾਲਾਂਕਿ ਇਹ ਝੀਲ ਲਗਭਗ 15 ਕਿੱਲੋਮੀਟਰ ਲੰਬੀ ਮਿੱਠੇ ਪਾਣੀ ਦੀ ਝੀਲ ਹੈ। ਰੈਡ ਡੀਅਰ ਅਤੇ ਲੈਕੰਬੋ ਕਾਊਂਟੀ ਦੇ ਵਿਚਕਾਰ ਦੀ ਸੀਮਾ ਉੱਪਰ ਫੈਲੀ ਹੋਈ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਰਿਵਾਰਾਂ, ਯਾਰਾਂ, ਦੋਸਤਾਂ ਸਮੇਤ ਇਸ ਝੀਲ ਨੂੰ ਵੇਖਣ ਲਈ ਆਏ ਹੋਏ ਸੀ। ਖ਼ਾਸ ਕਰਕੇ ਨੌਜਵਾਨ ਲੜਕੇ, ਲੜਕੀਆਂ ਅਤੇ ਬੱਚੇ ਮਨੋਰੰਜਨ ਵਿੱਚ ਜਿਆਦਾ ਹਿੱਸਾ ਲੈਂਦੇ ਨਜ਼ਰ ਆਏ। ਸਿਲਵਨ ਸ਼ਹਿਰ ਵਿੱਚ ਖ਼ੂਬਸੂਰਤ ਹੋਟਲ ਅਤੇ ਇਮਾਰਤਾਂ ਵੇਖਣਯੋਗ ਹਨ। ਬੜੀ ਮੁਸ਼ਕਿਲ ਨਾਲ ਘੁੰਮ ਘੁਮਾ ਕੇ ਝੀਲ ਦੇ ਕਿਨਾਰੇ 'ਤੇ ਜਗ੍ਹਾ ਮਿਲੀ। ਇੱਥੇ ਕਾਰ ਪਾਰਕਿੰਗ ਦੀ ਬਹੁਤ ਜ਼ਿਆਦਾ ਮੁਸ਼ਕਿਲ ਆਉਂਦੀ ਹੈ ਪਰ ਕੋਈ ਚਾਰਾ ਨਾ ਚੱਲੇ ਤਾਂ ਕਿਰਾਏ ਦੀ ਪਾਰਕਿੰਗ ਮਿਲ ਹੀ ਜਾਂਦੀ ਹੈ। ਕਈ ਮੀਟਰ ਘੁੰਮਣ ਤੋਂ ਬਾਅਦ ਝੀਲ ਦੇ ਦਫਤਰੀ ਵਿਭਾਗ ਦੇ ਇੱਕ ਪਾਸੇ ਇੱਕ ਛੋਟੇ ਜਿਹੇ ਫੈਲੇ ਹੋਏ ਰੁੱਖ ਹੇਠਾਂ ਕਿਸੇ ਪਰਿਵਾਰ ਦੀ ਮਦਦ ਨਾਲ ਥੋੜੀ ਬਹੁਤ ਗੁਜ਼ਾਰੇ ਜੋਗੀ ਜਗ੍ਹਾ ਮਿਲ ਗਈ ਜਿੱਥੇ ਅਸੀਂ ਆਪਣਾ ਸਮਾਨ ਟਿਕਾ ਦਿੱਤਾ। ਝੀਲ ਦੇ ਕਿਨਾਰੇ ਦੇ ਨਾਲ ਨਾਲ ਕੁਰਬਲ ਕੁਰਬਲ ਲੋਕ ਮਨੋਰੰਜਨ ਦਾ ਆਨੰਦ ਲੈ ਰਹੇ ਸੀ। ਅਨੇਕਾਂ ਹੀ ਬੇੜੀਆਂ ਅਤੇ ਕਰੂਜ਼ ਦੀ ਪਰਮਾਰ ਵੇਖ ਕੇ ਅਸਾਂ ਖਾਣ ਪੀਣ ਤੋਂ ਬਾਅਦ ਮਨ ਬਣਾਇਆ ਕਿ ਬੱਚਿਆਂ ਸਮੇਤ ਸਾਰੇ ਹੀ ਕਰੂਜ਼ ਵਿੱਚ ਬੈਠ ਕੇ ਮਨੋਰੰਜਨ ਕਰਦੇ ਹਾਂ। ਕਰੂਜ਼ ਦਾ ਆਪਣਾ ਹੀ ਆਨੰਦ ਹੈ। ਡਾਕਟਰ ਹਰਿੰਦਰ ਪਾਲ ਸਿੰਘ ਅਤੇ ਰੇਡੀਓ ਐਂਕਰ ਸਤਿੰਦਰ ਪਾਲ ਸਿੰਘ ਨੇ ਇੱਕ ਕਰੂਜ਼ ਦੀ ਮਾਲਿਕ ਕਨੇਡੀਅਨ ਮੁਟਿਆਰ ਨਾਲ ਗੱਲਬਾਤ ਕੀਤੀ। ਉਹ ਔਰਤ ਝੀਲ ਵਾਂਗ ਹੀ ਸੁੰਦਰ ਲੱਗ ਰਹੀ ਸੀ। ਥੋੜੀ ਗਰਮੀ ਹੋਣ ਕਰਕੇ ਉਸ ਨੇ ਨਿੱਕਰ ਅਤੇ ਅੰਗੀ ਹੀ ਪਹਿਨੀ ਹੋਈ ਸੀ। ਉਸ ਕਰੂਜ਼ ਮਾਲਿਕ ਮੁਟਿਆਰ ਨਾਲ ਝੀਲ ਵਿੱਚ ਘੁੰਮਾਉਣ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ 300 ਡਾਲਰ ਦੀ ਮੰਗ ਕੀਤੀ। ਆਖਿਰ ਗੱਲਬਾਤ ਰਾਹੀਂ ਉਹ 200 ਡਾਲਰ 'ਤੇ ਸਹਿਮਤ ਹੋ ਗਈ। ਉਹ ਇਸ ਝੀਲ ਦਾ ਸਭ ਤੋਂ ਵਧੀਆ ਕਰੂਜ਼ ਸੀ। ਅਸੀਂ ਸਾਰਾ ਸਮਾਨ ਕਰੂਜ਼ ਵਿੱਚ ਰੱਖ ਕੇ ਬੈਠ ਗਏ। ਕਰੂਜ਼ ਵਿੱਚ ਹਲਕੇ ਕਿਰਮਚੀੜ ਰੰਗ ਦੇ ਵਧੀਆ ਸੋਫੇ ਲੱਗੇ ਹੋਏ ਹਨ, ਇੱਕ ਛੋਟਾ ਜਿਹਾ ਕਿਚਨ ਰਸੋਈ ਅਤੇ ਬਾਥਰੂਮ ਵੀ ਉਪਲੱਬਧ ਸੀ। ਲਗਭਗ ਦੋ ਘੰਟੇ ਉਸ ਨੇ ਸਾਨੂੰ ਘੁੰਮਾਉਣਾ ਸੀ। ਕਰੂਜ਼ ਚਲਦੇ ਸਾਰ ਹੀ ਅਸੀਂ ਉੱਚੀ ਆਵਾਜ਼ ਵਿੱਚ ਪੰਜਾਬੀ ਗੀਤ ਲਗਾ ਦਿੱਤੇ। ਕਰੂਜ਼ ਵਿੱਚ ਸਾਊਂਡ ਸਿਸਟਮ ਵੀ ਸੀ। ਅਸੀਂ ਸਭ ਭੰਗੜਾ ਪਾਉਣ ਲੱਗ ਪਏ। ਉਹ ਕਰੂਜ਼ ਮਾਲਿਕ ਪੰਜਾਬੀ ਗੀਤਾਂ ਦਾ ਸੰਗੀਤ ਤਾਨ, ਧੁਨਾ ਸੁਣ ਕੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ। ਉਹ ਕਰੂਜ਼ ਦਾ ਸਟੇਰਿੰਗ ਸੈੱਟ ਕਰਕੇ ਖ਼ੁਦ ਸਾਡੇ ਨਾਲ ਭੰਗੜਾ ਪਾਉਣਾ ਲੱਗ ਪਈ। ਉਹ ਭੰਗੜੇ ਦੇ ਐਕਸ਼ਨ ਸਿੱਖ ਗਈ। ਸਾਡੇ ਨਾਲੋਂ ਵਧੀਆ ਐਕਸ਼ਨ ਕਰਨ ਲੱਗ ਪਈ। ਉਸ ਨੇ ਕਿਹਾ ਭਾਵੇਂ ਪੰਜਾਬੀ ਗੀਤਾਂ ਦੀ ਸਮਝ ਨਹੀਂ ਲੱਗਦੀ ਪਰ ਇਸ ਦਾ ਸੰਗੀਤ ਧੁੰਨ ਮਨ ਨੂੰ ਨੱਚਣ ਲਈ ਮਜ਼ਬੂਰ ਕਰਦੀ ਹੈ। ਉਸ ਨੇ ਕਿਹਾ ਅਸੀਂ ਪੰਜਾਬੀ ਸੰਗੀਤ ਬਹੁਤ ਪਸੰਦ ਕਰਦੇ ਹਾਂ, ਉਹ ਫਿਰ ਸਟੇਰਿੰਗ ਵਾਲੀ ਸੀਟ 'ਤੇ ਬੈਠ ਕੇ ਕਰੂਜ਼ ਨੂੰ ਸਹੀ ਦਿਸ਼ਾ ਵੱਲ ਲਿਜਾਣ ਲੱਗ ਪਈ। ਉਸ ਨੇ ਕਰੂਜ਼ ਵਿੱਚ ਖਾਣ ਪੀਣ ਦਾ ਸਾਰਾ ਸਮਾਨ ਰੱਖਿਆ ਹੋਇਆ ਸੀ। ਅਸਾਂ ਸਭ ਨੇ ਕਰੂਜ਼ 'ਤੇ ਸਟੇਰਿੰਗ ਵਾਲੀ ਸੀਟ 'ਤੇ ਬੈਠ ਕੇ ਫੋਟੋਆਂ ਖਿਚਵਾਈਆਂ। ਉਸ ਨੇ ਦੋ ਘੰਟੇ ਦੂਰ ਦੀਆਂ ਖ਼ੂਬਸੂਰਤ ਇਮਾਰਤਾਂ ਅਤੇ ਦਿਲ ਖਿਚਵੇਂ ਦ੍ਰਿਸ਼ ਵਿਖਾਏ।

**ਲਹਿਰਾਂ ਵਿਚ ਸੰਗੀਤ, ਲੈ, ਤਾਨ ਦੀ ਏਕਤਾ ਦ੍ਰਿਸ਼ਾਉਂਦੀ : ਸਿਲਵਨ ਲੇਕ, ਕਨੇਡਾ**

ਲਹਿਰਾਂ ਵਿੱਚ ਦੌੜਦੀ ਜ਼ਿੰਦਗੀ ਜੰਨਤ ਨੂੰ ਪਿੱਛੇ ਛੱਡਦੀ ਜਾਂਦੀ। ਠੰਡੀਆਂ ਠਾਰ ਹਵਾਵਾਂ ਜਦ ਲਹਿਰਾਂ ਨਾਲ ਟਕਰਾ ਕੇ ਅਠਖੇਲੀਆਂ ਮਦਮਸਤੀਆਂ ਕਰਦੀਆਂ ਤਾਂ ਜੰਨਤ ਪੈਰਾਂ ਵਿੱਚ ਖੇਡਦੀ। ਦੋ ਘੰਟਿਆਂ ਬਾਅਦ ਅਸੀਂ ਵਾਪਸ ਆਪਣੀ ਥਾਂ 'ਤੇ ਆ ਗਏ। ਕਰੂਜ਼ ਤੋਂ ਉਤਰਨ ਲੱਗਿਆ ਮੈਂ ਉਸ ਨੂੰ 10 ਡਾਲਰ ਦੀ ਟਿੱਪ ਦੇ ਦਿੱਤੀ ਤੇ ਉਸ ਨੇ ਕਈ ਵਾਰ ਸ਼ੁਕਰੀਆ ਅਦਾ ਕੀਤਾ। ਫਿਰ ਦੁਬਾਰਾ ਆਉਣ ਲਈ ਕਿਹਾ ਅਤੇ ਆਪਣਾ ਮੋਬਾਈਲ ਨੰਬਰ ਵੀ ਦਿੱਤਾ। ਉਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਜਦੋਂ ਤੁਸੀਂ ਦੁਬਾਰਾ ਫਿਰ ਆਓਗੇ ਤਾਂ ਮੇਰਾ ਹੀ ਕਰੂਜ਼ ਕਰਨਾ। ਉਸ ਨੇ ਪਿਆਰ ਸਤਿਕਾਰ ਨਾਲ ਹੱਥ ਹਿਲਾਉਂਦੇ ਹੋਏ ਬਾਏ ਬਾਏ ਦਾ ਸੰਦੇਸ਼ ਦਿੱਤਾ।

ਅਸਮਾਨ ਵਿੱਚ ਬਦਲਾਂ ਨੇ ਘੁੰਮਣ ਘੇਰੀਆਂ ਅਤੇ ਮਟਰ ਗਸਤੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਤਿੱਤਰ ਖੰਭੀ ਬਦਲਾਂ ਨੇ ਬਾਰਿਸ਼ ਦਾ ਪੈਗ਼ਾਮ ਦੇ ਦਿੱਤਾ ਸੀ। ਅਸਮਾਨ ਵਿਚਾਲੇ ਬੱਦਲਾਂ ਦੀ ਚਹਿਲ ਪਹਿਲ ਅਤੇ ਝੀਲ ਦੇ ਸੁੰਦਰ ਨਜ਼ਾਰੇ ਜਿਵੇਂ ਕਿਸੇ ਮੁਸ਼ੱਰਬ ਨੇ ਚਿੱਤਰਕਾਰੀ ਕਰ ਦਿੱਤੀ ਹੋਵੇ। ਘੁਮੱਕੜ ਬੱਦਲਾਂ ਦੀ ਛਾਂ ਚੰਗੀ ਲੱਗ ਰਹੀ ਸੀ। ਸਿਲਵਨ ਸ਼ਹਿਰ ਵਿਖੇ ਕਈ ਹੋਰ ਮਹੱਤਵਪੂਰਨ ਸਥਾਨ ਵੇਖਣ ਯੋਗ ਹਨ। ਸਰਦੀਆਂ ਵਿੱਚ ਇੱਥੇ ਬਹੁਤ ਜ਼ਿਆਦਾ ਬਰਫ਼ ਪੈਂਦੀ ਹੈ ਜਿਸ ਕਰਕੇ ਝੀਲ ਦਾ ਪਾਣੀ ਪੱਥਰ ਵਾਂਗ ਜੰਮ ਜਾਂਦਾ ਹੈ। ਇਸ ਉੱਪਰ ਲੋਕ ਖ਼ਾਸ ਕਰਕੇ ਨੌਜਵਾਨ, ਬੱਚੇ ਛੋਟੀਆਂ ਖੇਡ ਕਿਰਿਆਵਾਂ ਕਰਦੇ ਹਨ ਜਿਵੇਂ ਜੰਨਤ ਵਿੱਚ ਉਤਰ ਆਏ ਹੋਣ। ਇੱਥੇ ਕਈ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ ।ਆਤਿਸ਼ ਬਾਜੀ
ਜਿਵੇਂ ਅਸਮਾਨ ਵਿੱਚ ਮਿਨਾਕਾਰੀ ਕੀਤੀ ਹੋਵੇ।

ਇੱਥੋਂ ਦੀ ਸੁੰਦਰਤਾ ਸਾਰੀ ਸ੍ਰਿਸ਼ਟੀ ਨੂੰ ਇੱਕ ਨਿਸ਼ਕਾਮ ਕਰਮ ਦੀ ਸੀਮਾ ਵਿੱਚ ਬੰਨ ਦਿੰਦੀ ਹੈ। ਰਾਤ ਦੇ ਦ੍ਰਿਸ਼ ਚਮਕ ਦਮਕ ਵਿੱਚ ਪ੍ਰਸੰਤਾ ਤੇ ਖ਼ੁਸ਼ੀ ਦਿੰਦੇ ਹਨ ਕਿਉਂਕਿ ਕੁਦਰਤ ਸੁਤੰਤਰ ਤੇ ਵਿਵਸਥਾ ਵੱਧ ਹੈ, ਪਰਣਾਮੀ ਹੈ ਅਤੇ ਪ੍ਰੇਮ ਸਫੁਰਤੀ ਦੀ ਸ਼ਾਂਤੀ ਨਾਲ ਓਤ ਪ੍ਰੋਤ। ਕੁੱਲ ਮਿਲਾ ਕੇ ਇੱਥੋਂ ਦੇ ਅਦਭੁਤ ਸੁੰਦਰ ਨਜ਼ਾਰੇ ਭਰੀਪੂਰਨਤਾ ਅਨੰਦ, ਇੰਦਰੀਆਂ ,ਮਨ ,ਸੰਵੇਦਨਸ਼ੀਲਤਾ ਅਤੇ ਮਨੋ ਵੇਗ ਨੂੰ ਪੀਂਘ ਦਾ ਹੁਲਾਰਾ ਦਿੰਦੇ ਹਨ। ਤੇਜ਼ ਹਵਾਵਾਂ ਦੀ ਕੂਕਰ ਅਤੇ ਲਹਿਰਾਂ ਦੀ ਸ਼ੂਕਰ ਚਿਰਾਂ ਦੀ ਇਕ ਯਾਦ ਰਹੇਗੀ। ਕੁਝ ਮਿਲਾਕੇ ਸਿਲਵਨ ਲੇਖ ਜੰਨਤ ਹੈ। ਸੁੰਦਰਤਾ ਦੀ ਕੀਰਤੀ ਅਤੇ ਦ੍ਰਿਸ਼ ਪ੍ਰਤਿਸ਼ਠਾ ਹਮੇਸ਼ਾ ਹਮੇਸ਼ਾ ਯਾਦ ਰਹੇਗੀ। ਤੁਸੀਂ ਵੀ ਆਓ ਸਿਲਵਨ ਲੇਖ ਦੀ ਜੰਨਤ ਵੇਖਣ।

ਬਲਵਿੰਦਰ ਬਾਲਮ
ਗੁਰਦਾਸਪੁਰ
ਉਂਕਾਰ ਨਗਰ
ਗੁਰਦਾਸਪੁਰ ਪੰਜਾਬ
ਐਡਮਿੰਟਨ ਕਨੇਡਾ।


ਨਿਰਪੱਖ ਪੱਤਰਕਾਰੀ ਦਾ ਸਾਥ ਦੇਣ ਲਈ
ਪੜੋ ਰੋਜ਼ਾਨਾ ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਐਤਵਾਰ, 15 ਸਤੰਬਰ 2024
Email:- lokbani08@gmail.com


**ਅੱਜ ਦਾ ਸ਼ੁਭ ਵਿਚਾਰ**



ਜਦੋਂ ਮਨ ਖਰਾਬ ਹੋਵੇ ਤਾਂ ਬੁਰੇ ਸ਼ਬਦ ਨਾ ਬੋਲੋ, ਕਿਉਂਕਿ ਬਾਅਦ ਵਿੱਚ ਮਨ ਤਾਂ ਠੀਕ ਹੋ ਜਾਂਦਾ ਹੈ ਪਰ ਸ਼ਬਦ ਠੀਕ ਨਹੀਂ ਹੁੰਦੇ।

ਬਿੰਦੂ ਗਰਗ


ਰੋਜ਼ਾਨਾ ਲੋਕ ਬਾਣੀ
www.lokbani.com


R. N. I. Punpun/29016/2008 * ਸਾਲ 16 , * ਅੰਕ : 96, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181–2211009 * M : 99155-94111



DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998


## ਕੋਲਕਾਤਾ ਮਾਮਲੇ ਵਿੱਚ ਸਾਬਕਾ ਪ੍ਰਿੰਸੀਪਲ ਖਿਲਾਫ ਜਬਰ ਜ਼ਨਾਹ ਦੇ ਦੋਸ਼ ਤੈਅ



**ਕੋਲਕਾਤਾ, ਲੋਕ ਬਾਣੀ**--ਸੀਬੀਆਈ ਨੇ ਜੂਨੀਅਰ ਡਾਕਟਰ ਨਾਲ ਜਬਰ-ਜਨਾਹ ਤੇ ਕਤਲ ਮਾਮਲੇ ਵਿੱਚ ਅੱਜ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਜਬਰ-ਜਨਾਹ ਤੇ ਹੱਤਿਆ ਦੇ ਦੋਸ਼ ਲਾਏ ਹਨ। ਘੋਸ਼ ਮੌਜੂਦਾ ਸਮੇਂ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਤਹਿਤ ਨਿਆਂਇਕ ਹਿਰਾਸਤ ਵਿੱਚ ਹੈ। ਜਾਂਚ ਏਜੰਸੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਏਜੰਸੀ ਨੇ ਤਾਲਾ ਥਾਣੇ ਦੇ ਇੰਚਾਰਜ ਅਧਿਕਾਰੀ ਅਭਿਜੀਤ ਮੰਡਲ ਨੂੰ ਵੀ ਆਰ.ਜੀ. ਕਰ ਹਸਪਤਾਲ ਵਿੱਚ ਜੂਨੀਅਰ ਡਾਕਟਰ ਦੇ ਜਬਰ-ਜਨਾਹ ਤੇ ਕਤਲ ਕੇਸ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਹਸਪਤਾਲ ਤੋਲਾ ਥਾਣੇ ਅਧੀਨ ਇਲਾਕੇ 'ਚ ਪੈਂਦਾ ਹੈ। ਜੂਨੀਅਰ ਡਾਕਟਰ ਨਾਲ ਜਬਰ-ਜਨਾਹ ਤੇ ਕਤਲ ਦੇ ਮਾਮਲੇ ਵਿੱਚ ਹੁਣ ਤੱਕ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

## ਦੇਸ਼ ਦੀ ਰਾਜਧਾਨੀ ਚ ਕਤਲ ਮਾਮਲੇ ਵਿੱਚ ਪੰਜ ਦੀ ਹੋਈ ਗ੍ਰਿਫ਼ਤਾਰੀ



**ਦਿੱਲੀ, ਲੋਕ ਬਾਣੀ**-ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਜੀ.ਕੇ. (ਗ੍ਰੇਟਰ ਕੈਲਾਸ਼) ਦੇ ਈ-ਬਲਾਕ ਵਿਚ ਨਾਦਿਰ ਸ਼ਾਹ ਨਾਮ ਦੇ ਵਿਅਕਤੀ ਦੀ ਹੱਤਿਆ ਦੇ ਮਾਮਲੇ ਵਿਚ 5 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਸਾਰਿਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਿਥੋਂ ਸੈੱਲ ਦੀ ਟੀਮ ਨੇ ਇਨ੍ਹਾਂ ਸਾਰਿਆਂ ਦਾ 10 ਦਿਨ ਦਾ ਰਿਮਾਂਡ ਹਾਸਲ ਕੀਤਾ। ਮੁੱਖ ਸ਼ੂਟਰ ਅਜੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲਿਸ ਅਨੁਸਾਰ ਇਨ੍ਹਾਂ ਸਾਰਿਆਂ ਤੋਂ ਪੁੱਛਗਿੱਛ ਕਰਕੇ ਨਾ ਸਿਰਫ਼ ਮੁੱਖ ਸ਼ੂਟਰ ਦੀ ਭਾਲ ਕੀਤੀ ਜਾਵੇਗੀ ਸਗੋਂ ਇਹ ਵੀ ਪਤਾ ਲਗਾਇਆ ਜਾਵੇਗਾ ਕਿ ਇਸ ਕਤਲ ਵਿਚ ਹੋਰ ਕੌਣ-ਕੌਣ ਸ਼ਾਮਲ ਸੀ।

## ਆਖਰੀ ਸਮੇਂ ਸੀਪੀਆਈ ਐਮ ਦੇ ਆਗੂ ਸੀਤਾਰਾਮ ਯੇਚੂਰੀ ਨੂੰ ਸ਼ਰਧਾਂਜਲੀ ਦੇਣ ਪਹੁੰਚੇ ਨਾਮੀ ਆਗੂ



**ਦਿੱਲੀ, ਲੋਕ ਬਾਣੀ**--ਉੱਘੇ ਮਾਰਕਸਵਾਦੀ ਆਗੂ ਅਤੇ ਸੀਪੀਆਈ (ਐੱਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੂੰ ਅੱਜ ਇੱਥੇ ਪਾਰਟੀ ਹੈੱਡਕੁਆਰਟਰ ਏਕੇਜੀ ਭਵਨ ਵਿੱਚ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਅੱਜ ਸਵੇਰੇ 'ਲਾਲ ਸਲਾਮ' ਦੇ ਨਾਅਰਿਆਂ ਵਿਚਾਲੇ ਯੇਚੁਰੀ ਦੀ ਮ੍ਰਿਤਕ ਦੇਹ ਉਨ੍ਹਾਂ ਦੀ ਰਿਹਾਇਸ਼ ਤੋਂ ਪਾਰਟੀ ਹੈੱਡਕੁਆਰਟਰ ਲਿਆਂਦੀ ਗਈ ਜੋ ਕਿ ਸੀਪੀਆਈ (ਐੱਮ) ਦੇ ਲਾਲ ਝੰਡੇ ਵਿੱਚ ਲਿਪਟੀ ਹੋਈ ਸੀ। ਇਸ ਦੌਰਾਨ ਪਾਰਟੀ ਦੇ ਆਗੂਆਂ ਪੋਲਿਟ ਬਿਊਰੋ ਮੈਂਬਰ ਪ੍ਰਕਾਸ਼ ਕਰਾਤ, ਬਰਿੰਦਾ ਕਰਾਤ, ਪੀ ਵਿਜਯਨ ਅਤੇ ਐੱਮਏ ਬੇਬੀ ਤੋਂ ਇਲਾਵਾ ਪਾਰਟੀ ਦੇ ਹੋਰ ਆਗੂਆਂ ਨੇ ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕੀਤੀ।

## ਪੰਜਾਬ ਵਿੱਚ ਇਕ ਹੋਰ ਨੋਜਵਾਨ ਚੱੜਿਆ ਨਸ਼ੇ ਦੀ ਭੇਟ




**ਚੰਡੀਗੜ੍ਹ, ਵਿਨੋਦ ਸ਼ਰਮਾ** -ਪੰਜਾਬ ਜਦੋਂ ਦੀ ਆਪ ਸਰਕਾਰ ਆਈ ਹੈ ਨਸ਼ੇ ਦਾ ਹੜ ਹੀ ਆ ਗਿਆ ਹੈ ਤੇ ਰੋਜ਼ਾਨਾ ਨੋਜਵਾਨ ਨਸ਼ੇ ਦੀ ਭੇਟ ਚੜ੍ਹ ਰਹੇ ਹਨ ਹੁਣ ਪੁਲਿਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਟਪਿਆਲਾ ਵਿਖੇ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਇਕ ਨੌਜਵਾਨ ਦੀ ਮੌਤ ਹੋਣ ਦੀ ਖਬਰ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਸੁਖਬੀਰ ਸਿੰਘ ਵਾਸੀ ਸਾਰੰਗੜਾ ਵਜੋਂ ਹੋਈ। ਮ੍ਰਿਤਕ ਨੌਜਵਾਨ ਨਸ਼ੇ ਦਾ ਆਦੀ ਸੀ ਪੰਜਾਬ ਵਿਚ ਚਿੱਟੇ ਦੇ ਨਸ਼ੇ ਨੇ ਕਹਿਰ ਮਚਾਇਆ ਹੋਇਆ ਹੈ। ਆਏ ਦਿਨ ਪੰਜਾਬ ਦੀ ਨੌਜਵਾਨੀ ਨਸ਼ਿਆਂ ਵਿਚ ਰੁਲ ਰਹੀ ਹੈ ਪਰ ਸਰਕਾਰ ਇਸ ਉਤੇ ਕਾਬੂ ਪਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।

## ਭਾਜਪਾ ਵਿਧਾਇਕ ਤੇ ਠੇਕੇਦਾਰ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦੇਣ ਦਾ ਹੋਇਆ ਮਾਮਲਾ ਦਰਜ



**ਬੰਗ਼ਲੂਰ, ਲੋਕ ਬਾਣੀ**--ਕਰਨਾਟਕ ਦੇ ਰਾਜੇਸ਼ਵਰੀ ਨਗਰ (ਆਰਆਰ ਨਗਰ) ਹਲਕੇ ਤੋਂ ਭਾਜਪਾ ਦੇ ਵਿਧਾਇਕ ਮੁਨੀਰਤਨਾ ਨੂੰ ਅੱਜ ਇਕ ਠੇਕੇਦਾਰ ਨੂੰ ਕਥਿਤ ਤੌਰ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਅਤੇ ਵੋਕਾਲਿਗਾ ਤੇ ਦਲਿਤ ਭਾਈਚਾਰੇ ਵਿਰੁੱਧ ਜਾਤੀਸੂਚਕ ਟਿੱਪਣੀਆਂ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਨੀਰਥਨਾ ਦੀ ਇੱਕ ਆਡੀਓ ਕਲਿੱਪ ਵੀ ਵਾਇਰਲ ਹੋਈ ਸੀ ਜਿਸ ਵਿੱਚ ਠੇਕੇਦਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਵੋਕਾਲਿਗਾਂ ਅਤੇ ਦਲਿਤਾਂ ਵਿਰੁੱਧ ਕਥਿਤ ਤੌਰ 'ਤੇ ਜਾਤੀਸੂਚਕ ਟਿੱਪਣੀਆਂ ਕੀਤੀ ਗਈਆਂ ਸਨ। ਮੁਨੀਰਤਨਾ ਨੂੰ ਕੋਲਾਰ ਜ਼ਿਲ੍ਹੇ ਦੇ ਮੂਲਬਾਗਲ ਕਸਬੇ ਨੇੜਲੇ ਪਿੰਡ ਨੰਗਾਲੀ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲੀਸ ਨੇ ਦੱਸਿਆ ਕਿ ਉਹ ਆਂਧਰਾ ਪ੍ਰਦੇਸ਼ ਦੇ ਚਿਤੂਰ ਵੱਲ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ।

## ਭਿਆਨਕ ਸੜਕ ਹਾਦਸੇ ਵਿੱਚ ਇਕ ਦੀ ਮੌਤ




**ਗੁਰੂ ਹਰਸਹਾਏ, ਲੋਕ ਬਾਣੀ** --ਭਿਆਨਕ ਸੜਕ ਹਾਦਸਾ ਰੇਤਾ ਬੱਜਰੀ ਅਤੇ ਸਰੀਏ ਨਾਲ ਭਰੀ ਟਰੈਕਟਰ-ਟਰਾਲੀ ਪਲਟਣ ਨਾਲ ਇਕ ਵਿਅਕਤੀ ਦੀ ਮੌਤ ਹੋਣ ਦੀ ਜਾਣਕਾਰੀ ਦਿੰਦਿਆਂ ਥਾਣਾ ਗੁਰੂਹਰਸਹਾਏ ਦੇ ਏ.ਐਸ.ਆਈ. ਤਰਲੋਕ ਸਿੰਘ ਨੇ ਦੱਸਿਆ ਕਿ ਅਸ਼ੋਕ ਕੁਮਾਰ ਪੁੱਤਰ ਲਾਲ ਚੰਦ ਜੋ ਕਿ ਗੁਰੂਹਰਸਹਾਏ ਦੇ ਇਕ ਸੀਮੈਂਟ ਬੱਜਰੀ ਅਤੇ ਸਰੀਏ ਦੀ ਦੁਕਾਨ ਉਤੇ ਮਜ਼ਦੂਰੀ ਦਾ ਕੰਮ ਕਰਦਾ ਸੀ ਅਤੇ ਅੱਜ ਗੁਰੂਹਰਸਹਾਏ ਤੋਂ ਰੇਤਾ ਬੱਜਰੀ ਅਤੇ ਸਰੀਆ ਲੱਦ ਕੇ ਰਾਣਾ ਪੰਜਗਰਾਈਂ ਪਿੰਡ ਨੂੰ ਜਾ ਰਿਹਾ ਸੀ ਤੇ ਉਹ ਟਰੈਕਟਰ ਦੇ ਪਿੱਛੇ ਬੈਠਾ ਸੀ। ਪਿੰਡ ਤੋਂ ਥੋੜ੍ਹਾ ਪਿੱਛੇ ਪਹੁੰਚਿਆ ਤਾਂ ਜਗ੍ਹਾ ਉੱਚੀ ਨੀਵੀਂ ਹੋਣ ਕਰਕੇ ਟਰੈਕਟਰ- ਟਰਾਲੀ ਅਚਾਨਕ ਪਲਟ ਗਈ, ਜਿਸ ਕਾਰਨ ਉਹ ਟਰੈਕਟਰ ਤੋਂ ਥੱਲੇ ਡਿੱਗ ਪਿਆ ਤੇ ਉਸਦੀ ਮੌਕੇ ਉਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਉਥੇ ਮੌਜੂਦ ਲੋਕਾਂ ਵਲੋਂ ਥਾਣਾ ਗੁਰੂਹਰਸਹਾਏ ਵਿਖੇ ਇਤਲਾਹ ਦਿੱਤੀ ਗਈ, ਜਿਸ ਤੋਂ ਬਾਅਦ ਉਹ ਪੁਲਿਸ ਪਾਰਟੀ ਸਮੇਤ ਮੌਕੇ ਉਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਸਾਬਕਾ ਇੰਸਪੈਕਟਰ ਨਵਦੀਪ ਸਿੰਘ ਦੀਆਂ ਮੁਸਕਲਾਂ ਵੱਧ ਸਕਦੀਆਂ ਹਨ ਕੋਰਟ ਹੋਈ ਸਖਤ



**ਜਲੰਧਰ, ਵਿਸ਼ਾਲ ਸ਼ੈਲੀ** --ਅਪਣੀ ਵਰਦੀ ਦੇ ਰੋਅਬ ਵਿਚ ਕਿਸੇ ਨੂੰ ਵੀ ਅੰਦਰ ਕਰਨ ਦਾ ਡਰ ਭੈਅ ਪੈਦਾ ਕਰਨ ਵਾਲੇ ਪੁਲਿਸ ਦੇ ਸਾਬਕਾ ਇੰਸਪੈਕਟਰ ਨਵਦੀਪ ਦੀਆਂ ਮੁਸਕਲਾਂ ਵੱਧ ਸਕਦੀਆਂ ਹਨ ਮਾਮਲਾ ਜਲੰਧਰ ਦੇ ਢਿੱਲੋਂ ਬ੍ਰਦਰਜ਼ ਮਾਨਵਜੀਤ ਅਤੇ ਜਸ਼ਨਬੀਰ ਦੇ ਖ਼ੁਦਕੁਸ਼ੀ ਦਾ ਹੈ ਤੇ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਖ਼ਤ ਟਿੱਪਣੀ ਕੀਤੀ ਹੈ। ਪਟੀਸ਼ਨ ਕਰਤਾ ਨੇ ਕੋਰਟ ਵਿਚ ਐੱਸ. ਆਈ. ਟੀ. ਦੀ ਜਾਂਚ ਤੇ ਸਵਾਲ ਚੁੱਕੇ ਸਨ। ਜਿਸ ਤੇ ਕੋਰਟ ਨੇ ਮਾਮਲੇ ਦੀ ਪੂਰੀ ਜਾਂਚ ਸਮੇਂ ਬੱਧ ਤਰੀਕੇ ਨਾਲ ਪੂਰੀ ਕਰ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਹਾਈਕੋਰਟ ਨੇ ਜਾਂਚ ਕਰ ਰਹੀ ਐੱਸ. ਆਈ. ਟੀ. ਨੂੰ 31 ਦਸੰਬਰ ਤੱਕ ਮਾਮਲੇ ਦੀ ਵਿਸਥਾਰ ਨਾਲ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ।

## ਜਲੰਧਰ ਪਹੁੰਚੀ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਮੈਂਬਰ ਕੋਂਡਲ




**ਜਲੰਧਰ, ਬਿੱਟੂ ਫੋਲੜੀਵਾਲ** --ਪੰਜਾਬ ਦੇ ਜਲੰਧਰ ਚ ਹੋਈ ਅਗਵਾ ਮਾਮਲੇ ਚ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਮੈਂਬਰ ਡੇਲੀਨਾ ਕੋਂਡਪ ਅੱਜ ਜਲੰਧਰ ਪੁੱਜੀ। ਉਨ੍ਹਾਂ ਸਭ ਤੋਂ ਪਹਿਲਾਂ ਕੇਸ ਨੂੰ ਲੈ ਕੇ ਪੁਲਿਸ ਕਮਿਸ਼ਨਰ ਜਲੰਧਰ ਅਤੇ ਸਿਵਲ ਹਸਪਤਾਲ ਦੇ ਡਾਕਟਰਾਂ ਨਾਲ ਗੱਲਬਾਤ ਕੀਤੀ ਤੇ ਕੁੜੀ ਨੂੰ ਮਿਲਣ ਲਈ ਗਈ ਤੇ ਦੱਸਿਆ ਕਿ ਉਸਦੀ ਸਿਹਤ ਠੀਕ ਹੈ ਤੇ ਪ੍ਰਸ਼ਾਸਨ ਨੂੰ ਇੰਨਾ ਦੀ ਮਦਦ ਦੇ ਸਖਤ ਆਦੇਸ਼ ਦਿੱਤੇ

## ਓਪੀਡੀ ਸੇਵਾਵਾਂ ਠੱਪ ਹੋਣ ਕਾਰਨ ਮਰੀਜ਼ ਪ੍ਰੇਸ਼ਾਨ



**ਜਲੰਧਰ**,-ਸਰਕਾਰੀ ਹਸਪਤਾਲਾਂ 'ਚ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੀ ਪੀਸੀਐੱਮਐੱਸ ਡਾਕਟਰ ਐਸੋਸੀਏਸ਼ਨ ਨੇ ਸ਼ੁੱਕਰਵਾਰ ਨੂੰ ਪੂਰੇ ਦਿਨ ਦੀ ਹੜਤਾਲ ਰੱਖੀ। ਅੱਜ ਵੀ ਸਿਵਲ ਹਸਪਤਾਲ 'ਚ ਓਪੀਡੀ ਸੇਵਾਵਾਂ ਪੂਰੀ ਤਰ੍ਹਾਂ ਠੱਪ ਰਹੀਆਂ ਤੇ ਮਰੀਜ਼ਾਂ ਨੂੰ ਐਮਰਜੈਂਸੀ ਸੇਵਾਵਾਂ ਮਿਲੀਆਂ। ਐਮਰਜੈਂਸੀ ਵਾਰਡ 'ਚ ਮਰੀਜ਼ਾਂ ਦੀ ਭੀੜ ਵਧ ਗਈ। ਓਪੀਡੀ 'ਚ ਇਲਾਜ ਕਰਵਾਉਣ ਵਾਲੇ ਉਕਤ ਮਰੀਜ਼ ਹੜਤਾਲ ਕਾਰਨ ਇਲਾਜ ਤੋਂ ਵਾਂਝੇ ਰਹੇ ਤੇ ਡਾਕਟਰਾਂ ਨੂੰ ਕੋਸਦੇ ਰਹੇ। ਅੱਜ ਵੀ ਸਿਵਲ ਹਸਪਤਾਲ 'ਚ ਓਪੀਡੀ ਸੇਵਾਵਾਂ ਪੂਰੀ ਤਰ੍ਹਾਂ ਠੱਪ ਰਹੀਆਂ ਤੇ ਮਰੀਜ਼ਾਂ ਨੂੰ ਐਮਰਜੈਂਸੀ ਸੇਵਾਵਾਂ ਮਿਲੀਆਂ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਲੁਧਿਆਣਾ ਚ ਕਾਰ ਨੂੰ ਬਚਾਉਣ ਦੇ ਕਾਰਨ ਬੇਕਾਬੂ ਹੋਇਆ ਟਰਾਲਾ ਪਲਟਿਆ, 2 ਜ਼ਖਮੀ



ਲੁਧਿਆਣਾ (ਲੋਕ ਬਾਣੀ)- ਲੁਧਿਆਣਾ ਚ ਸ਼ਨੀਵਾਰ ਸਵੇਰੇ ਚੀਮਾ ਚੌਕ ਤੇ ਤੂੜੀ ਨਾਲ ਭਰਿਆ ਟਰਾਲਾ ਬੇਕਾਬੂ ਹੋ ਕੇ ਪਲਟ ਗਈ। ਜਿਸ ਤੋਂ ਬਾਅਦ ਹਾਈਵੇਅ ਤੇ ਜਾਮ ਲੱਗ ਗਿਆ। ਟ੍ਰੈਫਿਕ ਜਾਮ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਬਾਅਦ ਦੁਪਹਿਰ ਕਰੇਨ ਦੀ ਮਦਦ ਨਾਲ ਟਰਾਲੇ ਨੂੰ ਕਿਸੇ ਤਰ੍ਹਾਂ ਸਿੱਧਾ ਕਰਕੇ ਸੜਕ ਨੂੰ ਸਾਫ਼ ਕੀਤਾ ਗਿਆ। ਟਰਾਲਾ ਪਲਟਣ ਕਾਰਨ ਡਰਾਈਵਰ ਸਮੇਤ ਦੋ ਵਿਅਕਤੀ ਜ਼ਖ਼ਮੀ ਹੋ ਗਏ।

ਤੂੜੀ ਨਾਲ ਭਰਿਆ ਟਰਾਲਾ ਮੋਗਾ ਤੋਂ ਲੁਧਿਆਣਾ ਦੇ ਤਾਜਪੁਰ ਰੋਡ ਵੱਲ ਜਾ ਰਿਹਾ ਸੀ। ਡਰਾਈਵਰ ਦੇ ਅਨੁਸਾਰ, ਇੱਕ ਕਾਰ ਚਾਲਕ ਨੇ ਤੁਰੰਤ ਅੱਗੇ ਬ੍ਰੇਕ ਲਗਾ ਦਿੱਤੀ। ਕਾਰ ਨੂੰ ਬਚਾਉਣ ਲਈ ਟਰਾਲਾ ਚਾਲਕ ਨੇ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਟਰਾਲਾ ਬੇਕਾਬੂ ਹੋ ਕੇ ਪਲਟ ਗਈ।ਟਰਾਲਾ ਪਲਟਣ ਕਾਰਨ ਡਰਾਈਵਰ ਸਮੇਤ ਦੋ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਟਰਾਲਾ ਪਲਟਣ ਕਾਰਨ ਲੰਬਾ ਜਾਮ ਲੱਗਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਦੁਪਹਿਰ ਬਾਅਦ ਸੜਕ ਨੂੰ ਸਾਫ਼ ਕਰ ਦਿੱਤਾ ਗਿਆ ਅਤੇ ਆਵਾਜਾਈ ਬਹਾਲ ਕਰ ਦਿੱਤੀ ਗਈ। ਜਿਸ ਕਾਰਨ ਲੋਕਾਂ ਨੂੰ ਰਾਹਤ ਮਿਲੀ ਹੈ।

# PCMS ਡਾਕਟਰਾਂ ਦੀ ਹੜਤਾਲ ਖ਼ਤਮ, 2 ਘੰਟੇ ਓਪੀਡੀ ਸੇਵਾਵਾਂ ਵਧਾਉਣ ਦਾ ਲਿਆ ਫੈਸਲਾ



ਚੰਡੀਗੜ੍ਹ- (ਲੋਕ ਬਾਣੀ) ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ (ਪੀਸੀਐਮਐਸ) ਦੇ ਡਾਕਟਰਾਂ ਨੇ ਹੜਤਾਲ ਖਤਮ ਕਰਨ ਦਾ ਫੈਸਲਾ ਕੀਤਾ ਹੈ। ਪੀਸੀਐਮਐਸ ਡਾਕਟਰਾਂ ਦੀ ਮੀਟਿੰਗ ਸ਼ਨੀਵਾਰ ਨੂੰ ਚੰਡੀਗੜ੍ਹ ਵਿੱਚ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨਾਲ ਹੋਈ। ਮੀਟਿੰਗ ਵਿੱਚ ਡਾਕਟਰਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਅਤੇ 12 ਹਫ਼ਤਿਆਂ ਵਿੱਚ ਇਨ੍ਹਾਂ ਨੂੰ ਪੂਰਾ ਕਰਨ ਲਈ ਸਹਿਮਤੀ ਬਣੀ।

ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਇਹ ਮੀਟਿੰਗ ਬਹੁਤ ਹੀ ਚੰਗੇ ਮਾਹੌਲ ਵਿੱਚ ਹੋਈ। ਡਾਕਟਰਾਂ ਨੇ ਹੜਤਾਲ ਖਤਮ ਕਰਨ ਲਈ ਹਾਮੀ ਭਰ ਦਿੱਤੀ ਹੈ। ਸੋਮਵਾਰ ਤੋਂ ਡਾਕਟਰ ਆਪਣੀਆਂ ਸੀਟਾਂ ਤੇ ਵਾਪਸ ਆ ਜਾਣਗੇ। ਡਾਕਟਰਾਂ ਨੇ ਦੱਸਿਆ ਕਿ ਸੋਮਵਾਰ ਅਤੇ ਮੰਗਲਵਾਰ ਨੂੰ ਓਪੀਡੀ 2 ਘੰਟੇ ਵਧਾਉਣ ਦਾ ਫੈਸਲਾ ਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਪੰਜਾਬ ਭਰ ਦੇ ਸਾਰੇ ਡਾਕਟਰ ਪਿਛਲੇ 6 ਦਿਨਾਂ ਤੋਂ ਹੜਤਾਲ ਤੇ ਸਨ। ਇਸ ਦੌਰਾਨ ਮਰੀਜ਼ਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਸਿਹਤ ਮੰਤਰੀ ਡਾ: ਬਲਬੀਰ ਸਿੰਘ ਦੀ ਪੰਜਾਬ ਭਵਨ ਵਿਖੇ ਡਾਕਟਰਾਂ ਨਾਲ ਹੋਈ ਮੀਟਿੰਗ ਦੌਰਾਨ ਜ਼ਿਆਦਾਤਰ ਮੰਗਾਂ ਤੇ ਸਹਿਮਤੀ ਬਣੀ । ਡਾਕਟਰਾਂ ਦੀ ਸੁਰੱਖਿਆ ਦਾ ਮਸਲਾ ਇੱਕ ਹਫ਼ਤੇ ਵਿੱਚ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਡਾਕਟਰਾਂ ਨੂੰ ਕਿਹਾ ਗਿਆ ਹੈ ਕਿ ਜੇਕਰ ਕੋਈ ਦੁਰਵਿਵਹਾਰ ਕਰਦਾ ਹੈ ਤਾਂ 5 ਮਿੰਟ ਲਈ ਸੁਣੋ ਅਤੇ ਫਿਰ ਕਮੇਟੀ ਨੂੰ ਬੁਲਾਓ। ਇਸ ਤੋਂ ਬਾਅਦ ਕਮੇਟੀ ਖੁਦ ਸੰਭਾਲ ਲਵੇਗੀ।

ਪੰਜਾਬ ਵਿੱਚ ਸੁਰੱਖਿਆ ਲਈ ਸੇਵਾਮੁਕਤ ਪੁਲਿਸ ਅਤੇ ਫੌਜ ਦੇ ਜਵਾਨਾਂ ਦੀ ਸੁਰੱਖਿਆ ਏਜੰਸੀ ਨੂੰ ਨਿਯੁਕਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਡਾਕਟਰਾਂ ਦੀ ਭਰਤੀ ਕੀਤੀ ਜਾਵੇਗੀ ਅਤੇ ਸਾਰੀਆਂ ਖਾਲੀ ਅਸਾਮੀਆਂ ਨੂੰ ਭਰਿਆ ਜਾਵੇਗਾ। ਇਸ ਦੇ ਨਾਲ ਹੀ ਕਿਹਾ ਗਿਆ ਕਿ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਾਇਨਾਮਿਕ ਐਸ਼ੋਰਡ ਕਰੀਅਰ ਪ੍ਰਮੋਸ਼ਨ ਨੂੰ ਕਾਂਗਰਸ ਨੇ ਰੋਕ ਦਿੱਤਾ ਹੈ। ਬੀਮਾ ਕੰਪਨੀ ਨੂੰ ਬਰਖਾਸਤ ਕਰ ਦਿੱਤਾ। ਜਿਸ ਨੂੰ ਠੀਕ ਕਰਨ ਵਿੱਚ ਕੁਝ ਸਮਾਂ ਲੱਗ ਰਿਹਾ ਹੈ।

# ਸੁਪਰੀਮ ਕੋਰਟ ਦੇ ਫੈਸਲੇ ਨੇ ਸਾਬਤ ਕਰ ਦਿੱਤਾ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਭਾਜਪਾ ਦੀ ਸਾਜ਼ਿਸ਼ ਸੀ - ਆਪ

ਚੰਡੀਗੜ੍ਹ,(ਲੋਕ ਬਾਣੀ) ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ 'ਤੇ ਸੁਪਰੀਮ ਕੋਰਟ ਵੱਲੋਂ ਸੀਬੀਆਈ ਬਾਰੇ ਕੀਤੀ ਗਈ ਟਿੱਪਣੀ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸਖ਼ਤ ਆਲੋਚਨਾ ਕੀਤੀ ਹੈ।

ਸ਼ਨੀਵਾਰ ਨੂੰ ਚੰਡੀਗੜ੍ਹ ਪਾਰਟੀ ਦਫਤਰ ਵਿਖੇ 'ਆਪ' ਦੇ ਬੁਲਾਰੇ ਗੋਵਿੰਦਰ ਮਿੱਤਲ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਭਾਰਤੀ ਜਨਤਾ ਪਾਰਟੀ ਅਤੇ ਖਾਸ ਕਰਕੇ ਗ੍ਰਹਿ ਮੰਤਰੀ ਅਮਿਤ ਦੀ ਸਾਜ਼ਿਸ਼ ਹੈ। ਇਹ ਗੱਲ ਸੁਪਰੀਮ ਕੋਰਟ ਦੇ ਫੈਸਲੇ ਨੇ ਸੱਚ ਸਾਬਤ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਤੋਂ ਪੁੱਛ-ਗਿੱਛ ਕਰਨ ਤੋਂ ਬਾਅਦ ਸੀਬੀਆਈ 22 ਮਹੀਨੇ ਚੁੱਪ ਰਹੀ, ਫਿਰ ਈਡੀ ਕੇਸ ਵਿੱਚ ਜ਼ਮਾਨਤ ਮਿਲਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੀ ਲੋੜ ਸੀ। ਅਦਾਲਤ ਨੇ ਇਹ ਵੀ ਕਿਹਾ ਕਿ ਸੀਬੀਆਈ ਦੀ ਗ੍ਰਿਫ਼ਤਾਰੀ ਪੂਰੀ ਤਰ੍ਹਾਂ ਗੈਰ-ਕਾਨੂੰਨੀ ਅਤੇ ਗੈਰ-ਵਾਜਬ ਸੀ।

ਸੁਪਰੀਮ ਕੋਰਟ ਨੇ ਸੀਬੀਆਈ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਪੱਖਪਾਤੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਸੀਬੀਆਈ ਨੂੰ ਪਿੰਜਰੇ ਵਿੱਚ ਬੰਦ ਤੋਤੇ ਵਾਂਗ ਵਿਵਹਾਰ ਨਹੀਂ ਕਰਨਾ ਚਾਹੀਦਾ। ਉਸ ਨੂੰ ਅਜਿਹੇ ਕੰਮ ਖਰਨ ਦੀ ਲੋੜ ਹੈ ਜੋ ਉਸਦੀ ਭਰੋਸੇਯੋਗਤਾ ਨੂੰ ਬਰਕਰਾਰ ਰੱਖੇ ਅਤੇ ਕਿਸੇ ਦੇ ਸਿਆਸੀ ਉਦੇਸ਼ ਦੀ ਪੂਰਤੀ ਲਈ ਅਜਿਹੀਆਂ ਕਾਰਵਾਈਆਂ ਤੋਂ ਬਚਣਾ ਚਾਹੀਦਾ ਹੈ।




ਦਿਨੇਸ਼ ਚੱਢਾ ਨੇ ਕਿਹਾ ਕਿ ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸੀਬੀਆਈ ਨੇ ਅਰਵਿੰਦ ਕੇਜਰੀਵਾਲ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਹਿਣ ਤੇ ਗ੍ਰਿਫ਼ਤਾਰ ਕੀਤਾ ਸੀ ਕਿਉਂਕਿ ਉਹ ਉਨ੍ਹਾਂ ਦੇ ਮੰਤਰਾਲੇ ਅਧੀਨ ਹੈ। ਇਹ ਸਾਰੀ ਸਾਜ਼ਿਸ਼ ਉਨ੍ਹਾਂ ਦੀ ਆਪਣੀ ਸੀ। ਉਨ੍ਹਾਂ ਨੇ ਜਾਂਚ ਏਜੰਸੀ ਦੀ ਗੈਰ-ਸੰਵਿਧਾਨਕ ਅਤੇ ਗੈਰ-ਵਾਜਬ ਤਰੀਕੇ ਨਾਲ ਦੁਰਵਰਤੋਂ ਕੀਤੀ ਅਤੇ ਇੱਕ ਮੌਜੂਦਾ ਮੁੱਖ ਮੰਤਰੀ ਨੂੰ ਗ੍ਰਿਫਤਾਰ ਕਰ ਲਿਆ। ਹੁਣ ਉਨ੍ਹਾਂ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਅਤੇ ਅਸਤੀਫਾ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਪਿੱਛੇ ਭਾਜਪਾ ਦਾ ਮਕਸਦ ਆਮ ਆਦਮੀ ਪਾਰਟੀ ਨੂੰ ਤੋੜਨਾ ਸੀ, ਪਰ ਉਹ ਇਸ ਵਿੱਚ ਅਸਫਲ ਰਹੀ। ਸਾਡੇ ਨੇਤਾ, ਵਿਧਾਇਕ ਅਤੇ ਸੰਸਦ ਮੈਂਬਰ ਸਾਰੇ ਇਕਜੁੱਟ ਰਹੇ ਅਤੇ ਭਾਜਪਾ ਦੀ ਸਾਜ਼ਿਸ਼ ਦਾ ਸ਼ਿਕਾਰ ਨਹੀਂ ਹੋਏ। ਉਹ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਵਰਗੇ ਚੋਟੀ ਦੇ ਨੇਤਾਵਾਂ ਨੂੰ ਜੇਲ੍ਹ ਵਿੱਚ ਰੱਖ ਕੇ ਵੀ ਦਿੱਲੀ, ਪੰਜਾਬ ਅਤੇ ਚੰਡੀਗੜ੍ਹ ਵਿੱਚ ਸਾਨੂੰ ਤੋੜ ਨਹੀਂ ਸਕੇ। ਆਮ ਆਦਮੀ ਪਾਰਟੀ ਦੇ ਨੇਤਾਵਾਂ ਨੂੰ ਖਰੀਦਣ ਅਤੇ ਤੋੜਨ ਵਿੱਚ ਭਾਜਪਾ ਪੂਰੀ ਤਰ੍ਹਾਂ ਫੇਲ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਇੱਕ ਹੋਰ ਝੂਠ ਬੋਲ ਰਹੀ ਹੈ ਕਿ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਵਜੋਂ ਕੰਮ ਨਹੀਂ ਕਰ ਸਕਦੇ। ਮੁੱਖ ਮੰਤਰੀ ਵਜੋਂ ਦਸਤਖ਼ਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਰਵਿੰਦ ਕੇਜਰੀਵਾਲ ਕੋਲ ਪਹਿਲਾਂ ਹੀ ਕੋਈ ਵਿਭਾਗ ਨਹੀਂ ਹੈ ਅਤੇ ਜੋ ਫਾਈਲ ਐਲਜੀ ਕੋਲ ਜਾਣੀ ਹੈ ਉਹ ਅੱਜ ਵੀ ਉਸ ਤੇ ਦਸਤਖਤ ਕਰ ਸਕਦੇ ਹਨ। ਇਹ ਸਿਰਫ਼ ਇੱਕ ਸਾਜ਼ਿਸ਼ ਸੀ ਤਾਂ ਜੋ ਉਹ ਜੇਲ੍ਹ ਤੋਂ ਬਾਹਰ ਨਾ ਆ ਸਕਣ। ਪਰ ਸੱਚ ਨੂੰ ਜ਼ਿਆਦਾ ਦੇਰ ਤੱਕ ਦਬਾਇਆ ਨਹੀਂ ਜਾ ਸਕਦਾ। ਅਰਵਿੰਦ ਕੇਜਰੀਵਾਲ ਦੀ ਰਿਹਾਈ ਨਾਲ ਸੱਚ ਦੀ ਜਿੱਤ ਹੋਈ ਹੈ

# NIA ਵਲੋਂ ਪੰਜਾਬ ਦੇ ਕਈ ਥਾਵਾਂ ਤੇ ਕੀਤੀ ਜਾ ਰਹੀ ਛਾਪੇਮਾਰੀ




(ਲੋਕ ਬਾਣੀ) NIA ਵਲੋਂ ਤੜਕਸਾਰ ਪੰਜਾਬ ਦੇ ਕਈ ਥਾਵਾਂ ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਜਿਸ ਚ ਅੰਮ੍ਰਿਤਸਰ ਚ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਚਾਚੇ ਪ੍ਰਗਟ ਸਿੰਘ ਦੇ ਘਰ ਰੇਡ ਕੀਤੀ ਗਈ ਤੇ ਨਾਲ ਹੀ ਬਾਬਾ ਬਕਾਲਾ ਸਾਹਿਬ ਵਿੱਚ ਉਹਨਾਂ ਦੇ ਕੋਲ ਪਰਿਵਾਰਿਕ ਮੈਂਬਰ ਦੇ ਘਰ ਵੀ ਕੀਤੀ ਰੇਡ ਕੀਤੀ ਗਈ । ©91 ਦੀ ਟੀਮ ਨੇ ਅੰਮ੍ਰਿਤਪਾਲ ਦੇ ਚਾਚਾ ਪ੍ਰਗਟ ਸਿੰਘ ਦੇ ਘਰ ਤੋਂ ਇੱਕ ਹਿਰਾਸਤ ਚ ਲਿੱਤੇ ਵਿਅਕਤੀ ਨੂੰ ਬਿਆਸ ਥਾਣੇ ਲਿਜਾ ਕੇ ਪੁੱਛ ਗਿੱਛ ਕੀਤੀ ਜਾ ਰਹੀ ਹੈ।

ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤ ਪਾਲ ਸਿੰਘ ਦੇ ਪਰਵਾਰਿਕ ਮੈਂਬਰਾਂ ਦੇ ਘਰ ਵੀ ਐਨਆਈਏ ਦੀ ਟੀਮ ਨੇ ਕੀਤੀ ਰੇਡ ਕੀਤੀ ਗਈ। ਜਦਕਿ ਹੋਰ ਵੀ ਕਈ ਥਾਵਾਂ ਤੇ ਰੇਡ ਚੱਲ ਰਹੀ ਹੈ।

# ਜਲੰਧਰ ਪੁਲਿਸ ਨੂੰ ਮਿਲੀ ਵੱਡੀ ਸਫਲਤਾ, ਇੱਕ ਪੁਲਿਸ ਮੁਲਾਜ਼ਮ ਸਮੇਤ ਗੈਂਗਸਟਰਾਂ ਦੇ ਗੈਂਗ ਦੇ 7 ਕਾਰਕੁਨ ਗਿ੍ਫ਼ਤਾਰ, 4 ਪਿਸਤੌਲ ਤੇ 7 ਜ਼ਿੰਦਾ ਕਾਰਤੂਸ

ਜਲੰਧਰ, (ਲੋਕ ਬਾਣੀ)- ਜਲੰਧਰ ਦਿਹਾਤੀ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਬਦਨਾਮ ਅੰਕੁਸ਼ ਭਾਯਾ ਗੈਂਗ ਦੇ ਸੱਤ ਮੈਂਬਰਾਂ ਨੂੰ ਸਫਲਤਾਪੂਰਵਕ ਗ੍ਰਿਫਤਾਰ ਕੀਤਾ ਹੈ। ਇਹ ਲੋਕ ਵਿਕਰਮ ਬਰਾੜ, ਗੋਲਡੀ ਬਰਾੜ, ਰਿੰਦਾ ਬਾਬਾ ਅਤੇ ਰਵੀ ਬਲਚੋਰੀਆ ਸਮੇਤ ਵੱਡੇ ਅਪਰਾਧਿਕ ਗਿਰੋਹਾਂ ਨਾਲ ਜੁੜੇ ਹੋਏ ਹਨ। ਤਾਜ਼ਾ ਗ੍ਰਿਫਤਾਰੀਆਂ ਪੰਜਾਬ ਭਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਜਬਰੀ ਵਸੂਲੀ ਦੇ ਗਿਰੋਹ ਦੇ ਨੈੱਟਵਰਕ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਤਾਲਮੇਲ ਮੁਹਿੰਮਾਂ ਦੀ ਲੜੀ ਤੋਂ ਬਾਅਦ ਹੋਈਆਂ ਹਨ। ਗ੍ਰਿਫਤਾਰ ਕੀਤੇ ਗਏ ਸੱਤ ਵਿਅਕਤੀਆਂ ਦੀ ਪਛਾਣ ਅੰਕੁਸ਼ ਸਭਰਵਾਲ ਉਰਫ ਭਾਇਆ ਪੁੱਤਰ ਰਮੇਸ਼ ਕੁਮਾਰ ਵਾਸੀ ਮੁਹੱਲਾ ਰਿਸ਼ੀ ਨਗਰ, ਨਕੋਦਰ ਪੰਕਜ ਸਭਰਵਾਲ ਉਰਫ ਪੰਕੂ ਪੁੱਤਰ ਰਮੇਸ਼ ਕੁਮਾਰ ਵਾਸੀ ਮੁਹੱਲਾ ਰਿਸ਼ੀ ਨਗਰ, ਨਕੋਦਰ, ਵਿਸ਼ਾਲ ਸਭਰਵਾਲ ਉਰਫ ਭੱਠੂ ਪੁੱਤਰ ਜੰਗ ਬਹਾਦਰ ਵਾਸੀ ਰਿਸ਼ੀ ਨਗਰ, ਨਕੋਦਰ; ਹਰਮਨਪ੍ਰੀਤ ਸਿੰਘ ਉਰਫ ਹਰਮਨ ਪੁੱਤਰ ਬਲਦੇਵ ਸਿੰਘ ਵਾਸੀ ਮੁਹੱਲਾ ਰੌਂਟਾ, ਨਕੋਦਰ; ਜਸਕਰਨ ਸਿੰਘ ਪੁਰੇਵਾਲ ਉਰਫ ਕਰਨ ਉਰਫ ਜੱਸਾ ਪੁੱਤਰ ਤੇਜਾ ਸਿੰਘ ਵਾਸੀ ਮੁਹੱਲਾ ਗੋਂਸ, ਨਕੋਦਰ; ਅਰੀਅਨ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਨਵਾਜੀਪੁਰ, ਥਾਣਾ ਸ਼ਾਹਕੋਟ; ਅਤੇ ਰੂਪੇਸ਼ ਕੁਮਾਰ ਪੁੱਤਰ ਰਾਜੇਸ਼ ਕੁਮਾਰ ਵਾਸੀ ਰਿਸ਼ੀ ਨਗਰ, ਨਕੋਦਰ ਵਜੋਂ ਹੋਈ ਹੈ।

ਇਸ ਕੇਸ ਵਿੱਚ ਕਰਨ ਸਭਰਵਾਲ ਉਰਫ ਕੰਨੂ ਪੁੱਤਰ ਸੁਰਿੰਦਰ ਕੁਮਾਰ ਵਾਸੀ ਰਿਸ਼ੀ ਨਗਰ, ਨਕੋਦਰ ਅਤੇ ਦਲਬੀਰ ਸਿੰਘ ਉਰਫ ਹਰਮਨ ਉਰਫ ਭੋਲਾ ਉਰਫ ਲਾਂਗਰਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਮੁਹੱਲਾ ਗੋਂਸ, ਨਕੋਦਰ ਨੂੰ ਨਾਮਜ਼ਦ ਕੀਤਾ ਗਿਆ ਹੈ। ਹੁਸ਼ਿਆਰਪੁਰ ਦਾ ਰਹਿਣ ਵਾਲਾ ਦੀਬੂ ਵੀ ਇਸ ਮਾਮਲੇ ਚ ਲੋੜੀਂਦਾ ਹੈ।

ਪ੍ਰੈਸ ਮੀਡੀਆ ਨਾਲ ਗੱਲਬਾਤ ਕਰਦਿਆਂ ਐਸਐਸਪੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ, ਸੰਗਠਿਤ ਅਪਰਾਧ ਵਿਰੁੱਧ ਸਾਡੀ ਚੱਲ ਰਹੀ ਕਾਰਵਾਈ ਵਿੱਚ ਇਹ ਇੱਕ ਵੱਡੀ ਸਫਲਤਾ ਹੈ। ਇਨ੍ਹਾਂ ਅਪਰਾਧੀਆਂ ਦੀ ਗ੍ਰਿਫਤਾਰੀ ਇਨ੍ਹਾਂ ਹਿੰਸਕ ਗਿਰੋਹਾਂ ਦੀ ਰੀੜ੍ਹ ਦੀ ਹੱਡੀ ਤੋੜਨ ਵਿਚ ਇਕ ਮਹੱਤਵਪੂਰਨ ਜਿੱਤ ਹੈ। ਅਸੀਂ ਇਹ ਸੁਨਿਸ਼ਚਿਤ ਕਰਾਂਗੇ ਕਿ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਸਾਰੇ ਲੋਕ, ਚਾਹੇ ਉਹ ਕਿੰਨੇ ਵੀ ਚੰਗੇ ਸੰਪਰਕ ਵਿੱਚ ਕਿਉਂ ਨਾ ਹੋਣ, ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿੱਚ



ਲਿਆਂਦਾ ਜਾਵੇ।

ਇਸ ਸਮੁੱਚੀ ਕਾਰਵਾਈ ਦੀ ਅਗਵਾਈ ਆਈਪੀਐਸ ਅਧਿਕਾਰੀ ਜਸਰੂਪ ਕੌਰ ਬਾਠ, ਐਸਪੀ ਇਨਵੈਸਟੀਗੇਸ਼ਨ ਨੇ ਕੀਤੀ, ਜਿਸ ਵਿੱਚ ਸੀਆਈਏ ਸਟਾਫ  ਦੇ ਇੰਚਾਰਜ ਪੁਸ਼ਪ ਬਾਲੀ ਅਤੇ ਐਸਐਚਓ ਸਿਟੀ ਥਾਣਾ ਸੰਜੀਵ ਕਪੂਰ ਦੀ ਅਗਵਾਈ ਵਿੱਚ ਡੀਐਸਪੀ ਇਨਵੈਸਟੀਗੇਸ਼ਨ ਲਖਵੀਰ ਸਿੰਘ ਦੀ ਨਿਗਰਾਨੀ ਹੇਠ ਦੋ ਪੁਲਿਸ ਟੀਮਾਂ ਸ਼ਾਮਲ ਸਨ।

ਇਕ ਭਰੋਸੇਯੋਗ ਸੂਚਨਾ ਦੇ ਆਧਾਰ ਤੇ ਪੁਲਿਸ ਟੀਮਾਂ ਨੇ ਨਕੋਦਰ ਕਸਬੇ ਦੇ ਜੀਟੀ ਰੋਡ ਤੇ ਪਿੰਡ ਮਲਹਾਰੀ ਨੇੜੇ ਇਕ ਨਾਕਾ ਬਣਾਇਆ, ਜਿੱਥੇ ਉਨ੍ਹਾਂ ਨੇ ਇਕ ਚਿੱਟੇ ਰੰਗ ਦੀ ਵੇਨਿਊ ਕਾਰ (ਪੀਬੀ-08-ਈਜ਼ੈਡ-2018) ਨੂੰ ਰੋਕਿਆ। ਕਾਰ ਵਿਚ ਸਵਾਰ ਲੋਕ ਭਾਰੀ ਹਥਿਆਰਾਂ ਨਾਲ ਲੈਸ ਸਨ ਅਤੇ ਉਨ੍ਹਾਂ ਕੋਲ ੧੦੦੦ ਅਲਪਰਾਜ਼ੋਲਮ ਦੀਆਂ ਗੋਲੀਆਂ ਸਨ। ਕਾਰਵਾਈ ਦੌਰਾਨ ਜ਼ਬਤ ਕੀਤੇ ਗਏ ਨਾਜਾਇਜ਼ ਹਥਿਆਰਾਂ ਵਿੱਚ ਚਾਰ ਪਿਸਤੌਲ ਸ਼ਾਮਲ ਹਨ- ਦੋ .30 ਬੋਰ ਪਿਸਤੌਲ, ਇੱਕ .32 ਬੋਰ ਪਿਸਤੌਲ ਅਤੇ ਇੱਕ .315 ਬੋਰ ਦੇਸੀ ਪਿਸਤੌਲ ਅਤੇ ਸੱਤ ਜ਼ਿੰਦਾ ਕਾਰਤੂਸ। ਪੁਲਿਸ ਨੇ ਹੁਸ਼ਿਆਰਪੁਰ ਵਿੱਚ ਬੈਂਕ ਡਕੈਤੀ ਅਤੇ ਵਿਰੋਧੀ ਗਿਰੋਹ ਦੇ ਮੈਂਬਰਾਂ ਦੇ ਕਤਲ ਨੂੰ ਅੰਜਾਮ ਦੇਣ ਦੀ ਗਿਰੋਹ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਹੈ ਮੁੱਢਲੀ ਜਾਂਚ ਦੌਰਾਨ, ਫੜੇ ਗਏ ਸ਼ੱਕੀਆਂ ਨੇ ਮਹੱਤਵਪੂਰਣ ਜਾਣਕਾਰੀ ਦਾ ਖੁਲਾਸਾ ਕੀਤਾ: ਵੇਨਿਊ ਕਾਰ ਦਾ ਮਾਲਕ, ਜਿਸ ਦੀ ਪਛਾਣ ਰੂਪੇਸ਼ ਵਜੋਂ ਹੋਈ ਹੈ। ਇਕ ਪੁਲਿਸ ਮੁਲਾਜ਼ਮ ਦੀ ਪਛਾਣ ਆਰੀਅਨ ਸਿੰਘ ਸ਼ਿਪਾਈ ਵਜੋਂ ਹੋਈ ਹੈ। ਦੋਵੇਂ ਮੁਲਜ਼ਮ ਬਦਮਾਸ਼ਾਂ ਨੂੰ ਲੌਜਿਸਟਿਕ ਸਹਾਇਤਾ ਅਤੇ ਪਨਾਹ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਇਸ ਤੋਂ ਇਲਾਵਾ, ਇਨ੍ਹਾਂ ਵਿਅਕਤੀਆਂ ਨੇ ਕਥਿਤ ਤੌਰ ਤੇ ਸ਼ੱਕੀ ਵਿਅਕਤੀਆਂ ਵੱਲੋਂ ਹਥਿਆਰਾਂ ਅਤੇ ਗੈਰ-ਕਾਨੂੰਨੀ ਪਦਾਰਥਾਂ ਨੂੰ ਸਟੋਰ ਕਰਨ ਵਿੱਚ ਸਹਾਇਤਾ ਕੀਤੀ ਸੀ

ਇਸੇ ਤਰ੍ਹਾਂ ਸਦਰ ਨਕੋਦਰ ਥਾਣੇ ਨਾਲ ਜੁੜੇ ਪੁਲਿਸ ਕਾਂਸਟੇਬਲ ਆਰੀਅਨ ਸਿੰਘ ਸ਼ਿਪਾਈ ਨੂੰ ਗਿਰੋਹ ਨੂੰ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਦੇ ਦੋਸ਼ ਵਿੱਚ ਗ੍ਰਿ.ਫਤਾਰ ਕੀਤਾ ਗਿਆ ਹੈ। ਆਰੀਅਨ ਲਗਭਗ ਡੇਢ ਮਹੀਨਿਆਂ ਤੋਂ ਡਿਊਟੀ ਤੋਂ ਗੈਰਹਾਜ਼ਰ ਸੀ ਅਤੇ ਪੁਲਿਸ ਕਾਰਵਾਈ ਦੇ ਗੁਪਤ ਵੇਰਵਿਆਂ ਦਾ ਖੁਲਾਸਾ ਕਰਨ ਅਤੇ ਗੈਂਗਸਟਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਿੱਚ ਸ਼ਾਮਲ ਸੀ।

ਵੈਨਿਊ ਕਾਰ ਦੇ ਮਾਲਕ ਰੂਪੇਸ਼ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਨੇ ਗਿਰੋਹ ਨੂੰ ਸੁਰੱਖਿਅਤ ਘਰ ਅਤੇ ਹਥਿਆਰ ਸਟੋਰ ਕਰਨ ਸਮੇਤ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਸੀ। ਇਹ ਵੀ ਪਤਾ ਲੱਗਾ ਹੈ ਕਿ ਹੁਸ਼ਿਆਰਪੁਰ ਦੇ ਦੀਪੂ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ, ਜੋ ਗਿਰੋਹ ਨੂੰ ਨਸ਼ੀਲੇ ਪਦਾਰਥ ਸਪਲਾਈ ਕਰਦਾ ਸੀ ਅਤੇ ਵੇਚਣ ਲਈ ਨਸ਼ੀਲੇ ਪਦਾਰਥ ਸਪਲਾਈ ਕਰਦਾ ਸੀ।

ਮੁੱਖ ਸਰਗਨਾ ਅੰਕੁਸ਼, ਜੋ ਵਿਦੇਸ਼ੀ ਅਪਰਾਧੀ ਲਵਪ੍ਰੀਤ ਸਿੰਘ ਉਰਫ ਲਾਡੀ ਅਤੇ ਜੇਲ੍ਹ ਵਿੱਚ ਬੰਦ ਗੈਂਗਸਟਰ ਰਵੀ ਬਲਾਚੋਰੀਆ ਨਾਲ ਜੁੜਿਆ ਹੋਇਆ ਹੈ, ਤੇ ਵਿਰੋਧੀ ਗਿਰੋਹ ਦੇ ਮੈਂਬਰਾਂ ਦੇ ਕਤਲਾਂ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਵਿਵਾਦ ਤੋਂ ਬਾਅਦ ਉਨ੍ਹਾਂ ਦੇ ਨਿਸ਼ਾਨੇ ਤੇ ਚਾਰ ਸ਼ਖਸੀਅਤਾਂ ਸਨ। ਹਮਲੇ ਲਈ ਬੰਦੂਕਾਂ ਲਾਡੀ ਅਤੇ ਵਿਸ਼ਾਲ ਸਭਰਵਾਲ ਨੇ ਪ੍ਰਦਾਨ ਕੀਤੀਆਂ ਸਨ ਅਤੇ ਪੁਲਿਸ ਨੇ ਪਹਿਲਾਂ ਹੀ ਇੱਕ ਬੰਦੂਕ ਬਰਾਮਦ ਕਰ ਲਈ ਹੈ।

# ਜਸਵਿੰਦਰ ਚਪੜ ਸਟੇਟ ਅਵਾਰਡੀ ਦਾ ਖੇਡ ਕਮੇਟੀ ਘਨੌਰ ਵੱਲੋਂ ਸਨਮਾਨ

ਘਨੌਰ (ਲੋਕ ਬਾਣੀ) ਹਲਕਾ ਘਨੌਰ ਦੇ ਉਲਾਣਾ ਪਿੰਡ ਦੇ ਸਰਕਾਰੀ ਸਕੂਲ ਵਿਚ ਬਤੌਰ ਸਰੀਰਕ ਸਿੱਖਿਆ ਅਧਿਆਪਕ ਅਤੇ ਖੇਡ ਸਕੱਤਰ ਘਨੌਰ ਜਸਵਿੰਦਰ ਸਿੰਘ ਚਪੜ੍ਹ ਨੂੰ ਪੰਜਾਬ ਸਰਕਾਰ - ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ ਮੌਕੇ ਹੁਸ਼ਿਆਰਪੁਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਜੀ ਨੇ ਅਧਿਆਪਕ ਰਾਜ ਪੁਰਸਕਾਰ(ਸਟੇਟ ਅਵਾਰਡ ਪੰਜਾਬ )ਨਾਲ ਸਨਮਾਨਿਤ ਕੀਤਾ ਹੈ। ਖੇਡ ਸਕੱਤਰ ਜਸਵਿੰਦਰ ਸਿੰਘ ਜਦੋਂ ਖੇਡਾਂ ਘਨੌਰ ਵਿਖੇ ਪਹੁੰਚੇ ਤਾਂ ਜ਼ੋਨ ਖੇਡ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ, ਕੈਸ਼ੀਅਰ ਸ੍ਰੀ ਵਿਕਾਸ਼ ਜਿੰਦਲ - ਸਮੂਹ ਸਰੀਰਕ ਸਿੱਖਿਆ ਅਧਿਆਪਕਾਂ ਨੇ ਭਰਵਾਂ ਸੁਆਗਤ ਅਤੇ ਵਿਸ਼ੇਸ਼ ਸਨਮਾਨ ਕੀਤਾ। ਪ੍ਰਿੰਸੀਪਲ ਰਾਜ ਕੁਮਾਰ ਨੌਗਾਵਾਂ ਨੇ ਵਧਾਈਆਂ ਦਿੰਦੇ ਕਿਹਾ ਕਿ ਜਸਵਿੰਦਰ ਚਪੜ੍ਹ ਨੂੰ ਐਵਾਰਡ ਮਿਲਣਾ - ਸਰੀਰਕ ਸਿੱਖਿਆ ਅਧਿਆਪਕਾਂ ਦਾ ਅਤੇ ਘਨੌਰ ਹਲਕੇ ਲਈ ਵੱਡੇ ਮਾਣ ਵਾਲੀ ਗੱਲ ਹੈ। ਇਹ ਸਕੂਲ ਸੇਵਾ ਤੋ ਇਲਾਵਾ ਗੱਤਕਾ ਅਬਜਰਬਰ ਪੰਜਾਬ,ਖੇਡ ਸਕੱਤਰ ਘਨੌਰ, ਖੇਡ ਸਟੇਡੀਅਮ ਉਲਾਣਾ ਦੀ ਸੇਵਾ,ਨੋਡਲ ਅਫ਼ਸਰ ਇਲੈਕਸ਼ਨ 113 ਹਲਕਾ ਘਨੌਰ, ਸਰੀਰਕ ਸਿੱਖਿਆ ਅਧਿਆਪਕ ਯੂਨੀਅਨ - ਪੰਜਾਬ, ਐਸ.ਸੀ,ਬੀ.ਸੀ. ਕਰਮਚਾਰੀ ਫੈਡਰੇਸ਼ਨ ਪੰਜਾਬ ਦੀ ਸੇਵਾ ਬਾਕਮਾਲ ਕਰ ਰਹੇ ਹਨ। ਇਹ ਇਕ ਇਨਸਾਨ ਨਹੀ ਵੱਡੀ ਸੰਸਥਾ ਬਣ ਚੁੱਕੇ ਹਨ। ਅੱਜ ਸਾਰਿਆਂ ਨੂੰ ਬਹੁਤ ਖੁਸ਼ੀ ਹੋ ਰਹੀ ਸੀ ਕਿਉਂਕਿ ਇੱਕ ਸੰਘਰਸ਼ੀ - ਮਿਹਨਤੀ ਅਧਿਆਪਕ ਨੂੰ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੇ ਇਸ



ਸਨਮਾਨ ਨਾਲ ਨਿਵਾਜਿਆ ਹੈ। ਸਟੇਟ ਅਵਾਰਡੀ ਜਸਵਿੰਦਰ ਚਪੜ੍ਹ ਦਾ ਫੁੱਲਾਂ ਦੇ ਹਾਰਾਂ, ਬੁੱਕਿਆਂ ਨਾਲ, ਕੇਕ ਕਟਾ ਕੇ, ਗਿਫ਼ਟ ਦੇ ਕੇ ਵਿਸ਼ੇਸ਼ ਪਿਆਰ - ਸਤਿਕਾਰ ਕੀਤਾ। ਬਾਅਦ ਵਿਚ ਸਾਰਿਆਂ ਨੇ ਰਲ ਕੇ ਭੰਗੜਾ /ਗਿੱਧਾ ਪਾ ਕੇ ਖੁਸ਼ੀ ਮਨਾਈ। ਇਸ ਮੌਕੇ ਗੁਰਪ੍ਰੀਤ ਸਿੰਘ, ਹਰਮਹਿੰਦਰ ਸਿੰਘ, ਪ੍ਰਦੀਪ ਕੁਮਾਰ, ਅਸ਼ਵਨੀ ਕੁਮਾਰ,ਸ੍ਰੀ ਅਲਬਰਟ, ਬਾਗ ਸਿੰਘ, ਹਰਨੇਕ ਸਿੰਘ, ਇੰਦਰਜੀਤ ਰਾਜ, ਸੰਜੀਵ ਸੋਹਲ, ਕਰਮਜੀਤ ਸਿੰਘ,ਹਰਪ੍ਰੀਤ ਸਿੰਘ, ਅਰੁਣ ਕੁਮਾਰ, ਰਣਜੀਤ ਸਿੰਘ, ਮੈਡਮ ਪ੍ਰਦੀਪ ਕੌਰ ਸੁਪਤਨੀ ਜਸਵਿੰਦਰ ਚਪੜ੍ਹ, ਮੈਡਮ ਰਾਜਵਿੰਦਰ ਕੌਰ - ਬਹਾਦਰਗੜ੍ਹ - ਉਲਾਣਾ, ਜਸਵੰਤ ਕੌਰ, ਹਰਮੀਤ ਕੌਰ, ਪਰਮਜੀਤ ਕੌਰ ਕਪੂਰੀ - ਚਪੜ੍ਹ, ਅਮਨਦੀਪ ਕੌਰ, ਦਰਸ਼ਨ ਕੌਰ, ਰੁਪਿੰਦਰ ਕੌਰ, ਕਵਲਪ੍ਰੀਤ ਕੌਰ, ਵਰਿੰਦਰਜੀਤ ਕੌਰ, ਰਾਧਾ ਰਾਣੀ, ਹਰਪ੍ਰੀਤ ਕੌਰ, ਨਵਜੋਤ ਕੌਰ, ਨਵਦੀਪ ਕੌਰ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਹਾਜ਼ਰ ਰਹੇ। ਪਿੰਡ ਗਦਾਪੁਰ ਸਕੂਲ ਦੇ ਅਧਿਆਪਕ ਪ੍ਰਦੀਪ ਕੁਮਾਰ ਨੇ ਮੰਚ ਸੰਚਾਲਨ ਖੂਬ ਤਰੀਕੇ ਨਾਲ ਨਿਭਾਇਆ।

# ਲਾਇਨਜ਼ ਕਲੱਬ ਨਾਭਾ ਵੱਲੋਂ ਕਰਵਾਇਆ ਗਿਆ ਸਹੁੰ ਚੁੱਕ ਸਮਾਗਮ

ਨਾਭਾ (ਲੋਕ ਬਾਣੀ)- ਹਲਕਾ ਨਾਭਾ ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਨਾਭਾ ਦੀ ਆਉਣ ਵਾਲੇ ਸਾਲ 2024-25 ਲਈ ਨਵੀਂ ਟੀਮ ਦਾ ਐਲਾਨ ਕਰ ਦਿੱਤਾ ਗਿਆ, ਜਿਸ ਵਿਚ ਪ੍ਰਧਾਨ ਦੀ ਜਿੰਮੇਵਾਰੀ ਲਾਇਨ ਐਮਜੇਐਫ ਸੰਨੀ ਸਿੰਗਲਾ, ਸਕੱਤਰ ਗਿਰਧਾਰੀ ਲਾਲ ਬਾਂਸਲ ਅਤੇ ਕੈਸ਼ੀਅਰ ਸੋਮ ਨਾਥ ਢੱਲ ਨਿਭਾਉਣਗੇ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਨੇ ਆਪਣੀ ਸਹਿਮਤੀ ਪ੍ਰਗਟਾਈ ਅਤੇ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਇਸ ਸਾਲ ਦੇ ਨਵ ਨਿਯੁਕਤ ਪ੍ਰਧਾਨ ਸੰਨੀ ਸਿੰਗਲਾ ਦੀ ਨਵੀਂ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਲਾਇਨਜ਼ ਕਲੱਬ ਨਾਭਾ ਹਮੇਸ਼ਾ ਲੋਕ ਭਲਾਈ ਲਈ ਕੰਮ ਕਰਦਾ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਨਵੀਂ ਟੀਮ ਵੀ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਏਗੀ ਇਸ ਮੌਕੇ ਤੇ ਪ੍ਰਧਾਨ ਸੰਨੀ ਸਿੰਗਲਾ ਨੇ ਕਿਹਾ ਕਿ ਉਹ ਕਲੱਬ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਆਪਣੀ ਟੀਮ ਦੇ ਸਹਿਯੋਗ ਨਾਲ ਨਿਭਾਉਣਗੇ। ਇਸ ਮੌਕੇ ਕਲੱਬ ਵੱਲੋਂ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਡਿਸਟ੍ਰਿਕ ਗਵਰਨਰ ਐਮਜੇਐਫ ਲਾਇਨ ਰਵਿੰਦਰ ਸਗੜ੍ਹ ਉਚੇਚੇ ਤੌਰ ਤੇ ਪਹੁੰਚੇ, ਵਾਇਸ ਡਿਸਟ੍ਰਿਕ ਗਵਰਨਰ ਲਾਇਨ ਅੰਮ੍ਰਿਤ ਪਾਲ ਸਿੰਘ ਜੰਡੂ ਨੇ ਸਾਲ 2024-25 ਲਈ ਪ੍ਰਧਾਨ ਐਮਜੇਐ.ਫ ਲਾਇਨ ਸੰਨੀ ਸਿੰਗਲਾ, ਸੈਕਟਰੀ ਲਾਇਨ ਗਿਰਧਾਰੀ ਲਾਲ ਬਾਂਸਲ ਅਤੇ ਖਜ਼ਾਨਚੀ ਲਾਇਨ ਸੋਮਨਾਥ ਢੱਲ ਨੂੰ ਅਤੇ ਹੋਰ ਬਾਕੀ ਟੀਮ ਨੂੰ ਸੌਂਹ ਚੁਕਵਾਈ, ਵਾਇਸ ਡਿਸਟ੍ਰਿਕ ਗਵਰਨਰ 2 ਲਾਇਨ ਅਜੇ ਗੋਇਲ ਵੀ ਸਪੈਸ਼ਲ ਗੈਸਟ ਦੇ ਤੌਰ ਤੇ ਪਹੁੰਚੇ, ਇਸ ਮੌਕੇ ਡਿਸਟ੍ਰਿਕਟ ਗਵਰਨਰ ਲਾਈਨ ਰਵਿੰਦਰ ਸੱਗੜ ਨੇ ਕਿਹਾ ਕਿ ਲਾਇਨਜ਼ ਕਲੱਬ ਨਾਭਾ ਡਿਸਟਰਿਕਟ ਦਾ ਬਹੁਤ ਹੀ ਵਧੀਆ ਕਲੱਬ ਹੈ। ਇਹ ਸਮਾਜ ਸੇਵਾ ਵਿੱਚ ਬਹੁਤ ਹੀ ਉਚੇਚਾ ਯੋਗਦਾਨ ਪਾ ਰਿਹਾ ਹੈ ਅਤੇ ਸਮਾਜ ਭਲਾਈ ਦੇ ਕਾਰਜ ਵੱਧ ਚੜ ਕੇ ਕੀਤੇ ਜਾ ਰਹੇ ਹਨ। ਰੀਜਨ ਚੇਅਰਮੈਨ ਲਾਈਨ ਭੁਪਿੰਦਰ ਸ਼ਰਮਾ ਨੇ ਵੀ ਲਾਇਨਜ਼ ਕਲੱਬ ਨਾਭਾ ਦੇ ਕੰਮਾਂ ਦੀ ਸ਼ਲਾਘਾ



ਕੀਤੀ। ਸਮਾਗਮ ਵਿੱਚ ਮਾਸਟਰ ਆਫ ਸੈਰੇਮਣੀ ਦੀ ਭੂਮਿਕਾ ਲਾਈਨ ਸੁਰਿੰਦਰ ਬੀਰ ਸਿੰਘ ਸੇਠੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਤੇ ਕਮੇਟੀ ਚੇਅਰ ਪਰਸਨ ਲਾਈਨ ਰਾਜ ਕੁਮਾਰ ਗੁਪਤਾ ਨੇ ਆਏ ਹੋਏ ਸਾਰੇ ਲਾਈਨ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ। ਪਿਛਲੇ ਸਾਲ ਦੇ ਪ੍ਰਧਾਨ ਜੋਨ ਚੇਅਰਮੈਨ ਲਾਈਨ ਸੁਭਾਸ਼ ਸਹਿਗਲ ਨੇ ਆਪਣੇ ਪਿਛਲੇ ਸਾਲ ਦੇ ਕੀਤੇ ਕੰਮਾਂ ਦੀ ਰਿਪੋਰਟ ਕਮੇਟੀ ਅਤੇ ਮੈਂਬਰਾਂ ਅੱਗੇ ਪੇਸ਼ ਕੀਤੀ। ਲਾਇਨਜ਼ ਕਲੱਬ ਨਾਭਾ ਵੱਲੋਂ ਸਮਾਜ ਸੇਵਾ ਵਿੱਚ ਯੋਗਦਾਨ ਪਾਉਂਦੇ ਹੋਏ ਇਸ ਮੌਕੇ ਤੇ ਪ੍ਰੋਜੈਕਟ ਕੀਤੇ ਗਏ, ਜਿਸ ਵਿੱਚ ਕਿ ਮਹਾਂਵੀਰ ਜੈਨ ਸਲਾਈ ਸਕੂਲ ਨਾਭਾ ਨੂੰ 2 ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ। ਆਰ ਐਸ ਜੈਨ ਮਾਡਲ ਸਕੂਲ ਦੇ ਬੱਚਿਆਂ ਨੂੰ ਬੂਟ ਦਿੱਤੇ ਗਏ ਅਤੇ ਨਵੀਂ ਦਿਸ਼ਾ ਸਕੂਲ ਪਿੰਡ ਲੁਬਾਣਾ ਟੇਕੂ ਦੇ ਸਕੂਲ ਨੂੰ ਇਨਵਰਟਰ ਅਤੇ ਬੈਟਰੀ ਕਲੱਬ ਵੱਲੋਂ ਦਿੱਤਾ ਗਿਆ, ਅੰਤ ਵਿੱਚ ਲਾਈਨ ਐਮਜੇਐਫ ਸੰਨੀ ਸਿੰਗਲਾ ਨੇ ਆਏ ਹੋਏ ਮੈਂਬਰਾਂ ਦਾ ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਵੀ ਕੀਤਾ ਅਤੇ ਆਪਣੇ ਆਉਣ ਵਾਲੇ ਸਾਲ ਵਿੱਚ ਕਰਨ ਵਾਲੇ ਕੰਮਾਂ ਦਾ ਵੇਰਵਾ ਅਤੇ ਵੱਧ ਚੜ ਕੇ ਸਮਾਜ ਲਈ ਕੰਮ ਕਰਨ ਦਾ ਭਰੋਸਾ ਦਿੱਤਾ। ਇਸ ਸਮਾਗਮ ਵਿੱਚ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ।

# ਭਗਵੰਤ ਮਾਨ ਸਰਕਾਰ ਨੇ ਡੀਜ਼ਲ ਪੈਟਰੋਲ ਬਿਜਲੀ ਅਤੇ ਬੱਸ ਕਿਰਾਇਆ ਵਿੱਚ ਵਾਧਾ ਕਰਕੇ ਲੋਕਾਂ ਦਾ ਕੱਢਿਆ ਕਚੂਮਰ: ਗੁਰਮੇਲ ਸਿੰਘ ਮੌੜ

## ☛ ਆਪ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਹੋਈ ਫੇਲ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪੰਜਾਬ ਵਿੱਚ ਵੱਡੇ ਬਦਲਾਅ ਲਿਆਉਣ ਦੇ ਨਾ ਹੇਠਾਂ ਸੂਬੇ ਅੰਦਰ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਬੁਰੀ ਤਰ੍ਹਾਂ ਫੇਲ ਸਾਬਤ ਹੋ ਰਹੀ।

ਇਹ ਵਿਚਾਰ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਪੀਪੀਸੀਸੀ ਦੇ ਮੈਂਬਰ ਸਰਦਾਰ ਗੁਰਮੇਲ ਸਿੰਘ ਮੌੜ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਮੌੜ ਨੇ ਪੰਜਾਬ ਸਰਕਾਰ ਤੇ ਤਿੱਖੇ ਸਿਆਸੀ ਹਮਲੇ ਕਰਦਿਆਂ ਕਿਹਾ ਹੈ ਕਿ ਪੰਜਾਬ ਅੰਦਰ ਵੱਡੇ ਬਦਲਾਅ ਲਿਆਉਣ ਦੀਆਂ ਗੱਲਾਂ ਕਰਨ ਵਾਲੀ ਆਪ ਸਰਕਾਰ ਨੇ ਹਾਲ ਹੀ ਦੌਰਾਨ ਡੀਜ਼ਲ, ਪੈਟਰੋਲ, ਬਿਜਲੀ ਦਰਾਂ ਅਤੇ ਬੱਸ ਕਰਾਇਆ ਵਿੱਚ ਅਥਾਹ ਵਾਧਾ ਕਰਕੇ ਲੋਕਾਂ ਦਾ ਕਚੂਮਰ ਕੱਢਿਆ ਹੈ। ਕਿਉਂਕਿ ਦੇਸ਼ ਅਤੇ ਸੂਬੇ ਅੰਦਰ ਪਹਿਲੋਂ ਹੀ ਗਰੀਬੀ ਦੀ ਮਾਰ ਹੇਠਾਂ ਜ਼ਿੰਦਗੀ ਬਤੀਤ ਕਰ ਰਹੇ ਲੋਕਾਂ ਉੱਪਰ ਸਰਕਾਰ ਨੇ ਇੱਕ ਨਵਾਂ ਬੋਝ ਪਾ ਦਿੱਤਾ ਹੈ। ਜਿਸ ਨੂੰ ਲੈ ਕੇ ਸਮੁੱਚੇ ਵਰਗਾਂ ਦੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਮੌੜ ਨੇ ਅੱਗੇ ਆਖਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੁਆਰਾ ਚਲਾਈ ਗਈ ਪਿੰਡਾਂ ਅੰਦਰ ਲਹਿਰ ਆਪ ਸਰਕਾਰ ਤੁਹਾਡੇ ਦੁਆਰ ਦਾ ਆਮ ਖਪਤਕਾਰਾਂ ਨੂੰ ਰੱਤੀ ਭਰ ਵੀ ਲਾਭ ਨਹੀਂ ਮਿਲ ਰਿਹਾ ਕਿਉਂਕਿ ਅੱਜ ਵੀ ਲੋਕ ਸਰਕਾਰੀ ਦਫਤਰਾਂ ਵਿੱਚ ਖੱਜਲ ਖੁਆਰ ਹੋ ਰਹੇ ਹਨ ਅਤੇ ਰਿਸ਼ਵਤ ਖੋਰੀ ਦਾ ਬੋਲ ਬਾਲਾ ਜਿਉਂ ਦਾ ਤਿਉਂ ਹੈ। ਉਨਾਂ ਅੱਗੇ ਆਖਿਆ ਹੈ ਕਿ ਦਲਿਤ ਸਮਾਜ ਦੇ ਲੋਕਾਂ ਲਈ ਆਮ ਆਦਮੀ ਪਾਰਟੀ ਨੇ ਡੱਕਾ ਦੂਰਾ ਨਹੀਂ ਕੀਤਾ ਸਗੋਂ ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਦੀ ਸਕਾਲਰਸ਼ਿਪ ਰੋਕ ਕੇ ਉਹਨਾਂ ਦੀ ਪੜ੍ਹਾਈ ਦਾ ਜ਼ਰੂਰ ਨੁਕਸਾਨ ਕੀਤਾ ਹੈ। ਉਹਨਾਂ ਕਿਹਾ ਹੈ ਕਿ ਕਾਂਗਰਸ ਪਾਰਟੀ ਦੇ ਨੌਜਵਾਨ ਨੇਤਾ ਸ੍ਰੀ ਰਾਹੁਲ ਗਾਂਧੀ ਦੀ ਸੋਚ ਮਨੁੱਖਤਾਵਾਦੀ ਅਤੇ ਸਮੁੱਚੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਵਾਲੀ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਅੰਦਰ ਕਿਸਾਨ, ਮਜ਼ਦੂਰ ਛੋਟਾ ਵਪਾਰੀ ਨੂੰ ਸਰਕਾਰ ਨੇ ਕਦੇ ਵੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ। ਜਿਸ ਕਰਕੇ ਕਾਂਗਰਸ ਸਰਕਾਰ ਦੇ ਰਾਜ ਭਾਗ ਦੀਆਂ ਲੋਕ ਅੱਜ ਵੀ ਸੱਥਾਂ ਵਿੱਚ ਗੱਲਾਂ ਕਰਦੇ ਹਨ ਅਤੇ ਸੂਬੇ ਅੰਦਰ ਮੁੜ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਲਿਆਉਣ ਲਈ ਲੋਕ ਪੱਬਾ ਭਰ ਹਨ। ਕਿਉਂਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਲੋਕ ਬੁਰੀ ਤਰ੍ਹਾਂ ਅੱਕ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਡੀਜ਼ਲ, ਪੈਟਰੋਲ, ਬਿਜਲੀ ਅਤੇ ਬੱਸ ਕਰਾਇਆ ਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲਵੇ।

# ਧੰਨ ਧੰਨ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਲੈ ਕੇ ਪਿੰਡ ਪਿੰਡ ਅੰਦਰ ਸੱਦੇ ਪੱਤਰ ਦੀ ਮੁਹਿੰਮ ਤੇਜ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਧੰਨ ਧੰਨ ਬਾਬਾ ਸ੍ਰੀ ਚੰਦ ਜੀਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਲਾਨਾ ਜੋੜ ਮੇਲਾ 30 ਸਤੰਬਰ 2024 ਦਿਨ ਸੋਮਵਾਰ ਨੂੰ ਤਪ ਅਸਥਾਨ ਸ੍ਰੀ ਭੋਰਾ ਸਾਹਿਬ ਪਿੰਡ ਕਲੇਰਾਂ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਉੱਘੇ ਕਥਾ ਵਾਚਕ ਸੰਤ ਬਾਬਾ ਜਗਜੀਤ ਸਿੰਘ ਕਲੇਰਾਂ ਭੋਰਾ ਸਾਹਿਬ ਵਾਲਿਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਇਹ ਸਲਾਨਾ ਜੋੜ ਮੇਲੇ ਨੂੰ ਲੈ ਕੇ ਇਲਾਕੇ ਦੇ ਵੱਖ ਵੱਖ ਪਿੰਡਾਂ ਦੀਆਂ ਧਾਰਮਿਕ ਸੰਸਥਾਵਾਂ, ਪੰਚਾਇਤਾਂ, ਸਪੋਰਟਸ ਕਲੱਬਾਂ ਅਤੇ ਪਿੰਡ ਵਾਸੀਆਂ ਨੂੰ ਸੱਦਾ ਪੱਤਰ ਦਿੱਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਇਸ ਸਮਾਗਮ ਵਿੱਚ ਜਿੱਥੇ ਇਲਾਕੇ ਦੀਆਂ ਮਹਾਨ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ, ਉਥੇ ਸੰਤ ਮਹਾਂਪੁਰਸ਼ ਅਤੇ ਰਾਗੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ। ਉਹਨਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਪੂਰਾ ਜੋਰਾਂ ਸੋਰਾਂ ਨਾਲ ਚੱਲ ਰਹੀਆਂ ਹਨ। ਸੰਤ ਬਾਬਾ ਜਗਜੀਤ ਸਿੰਘ ਕਲੇਰਾਂ ਵਾਲਿਆਂ ਨੇ ਸਮੁੱਚੀਆਂ ਸੰਗਤਾਂ ਨੂੰ ਇਸ ਸਲਾਨਾ ਜੋੜ ਮੇਲੇ ਵਿੱਚ ਵੱਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪੰਜਾਬ ਦੇ ਪ੍ਰਧਾਨ ਬਾਬਾ ਸੁਖਪਾਲ ਸਿੰਘ ਅਤੇ ਹੋਰ ਸੰਗਤਾਂ ਵੀ ਹਾਜ਼ਰ ਸਨ।

# 'ਇਕ ਸ਼ਾਮ ਗ਼ਜ਼ਲ ਦੇ ਨਾਮ ਪ੍ਰੋਗਰਾਮ ਵਿਰਾਸਤ-ਏ-ਖਾਲਸਾ ਵਿਖੇ ਅੱਜ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਆਸਰਾ ਫਾਊਂਡੇਸ਼ਨ(ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਇਕ ਸੰਗੀਤਕ ਪ੍ਰੋਗਰਾਮ "ਇਕ ਸ਼ਾਮ ਗ਼ਜ਼ਲ ਦੇ ਨਾਮ ਅੱਜ 15 ਸਤੰਬਰ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਪ੍ਰਬੰਧਕ ਦਵਿੰਦਰਪਾਲ ਸਿੰਘ ਅਤੇ ਰਾਜ ਘਈ ਨੇ ਦੱਸਿਆ ਕਿ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਕਰਵਾਏ ਜਾ ਰਹੇ ਇਸ ਗਜ਼ਲ ਪ੍ਰੋਗਰਾਮ ਵਿਚ ਜਿੱਥੇ ਪ੍ਰਸਿੱਧ ਗਜ਼ਲ ਗਾਇਕ ਸੁਨੀਲ ਡੋਗਰਾ ਸਰੋਤਿਆਂ ਦੇ ਰੂ-ਬ-ਰੂ ਹੋਣਗੇ ਉਥੇ ਹੀ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਮੁਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਉਥੇ ਹੀ ਡਾ. ਸੰਜੀਵ ਗੌਤਮ (ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਜੈ ਸਿੰਘ ਛਿੱਬਰ (ਪ੍ਰਧਾਨ ਚੰਡੀਗੜ੍ਹ ਜਰਨਲਿਸਟ ਯੂਨੀਅਨ) ਵਲੋਂ ਵਾਤਾਵਰਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ ਉਥੇ ਹੀ 5 ਸਾਲਾ ਬਾਲ ਪਰਬਤਰੋਹੀ ਤੇਗਬੀਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਡਾ. ਸੰਜੀਬ ਗੌਤਮ (ਸੂਬਾ ਪ੍ਰਧਾਨ ਡਾਕਟਰ ਵਿੰਗ), ਪ੍ਰਸਿੱਧ ਗ਼ਜ਼ਲ ਗਾਇਕ ਸੁਨੀਲ ਡੋਗਰਾ, ਸੁਰਜੀਤ ਸਿੰਘ ਰਾਣਾ (ਐਮ ਡੀ ਸਕਾਈਲਾਰਕ ਇਮੀਗ੍ਰੇਸ਼ਨ), ਸਰਬਜੀਤ ਸਿੰਘ ਰੈਣੂ (ਜਿਲ੍ਹਾ ਪ੍ਰਧਾਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ), ਮਾ. ਸੰਜੀਵ ਧਰਮਾਣੀ (ਪ੍ਰਧਾਨ ਆਸਰਾ ਫਾਊਂਡੇਸ਼ਨ), ਨਵੀਨ ਕੁਮਾਰ, ਅੰਕੁਸ਼ ਕੁਮਾਰ, ਜਸਦੀਪ ਸਿੰਘ ਧਾਰੀਵਾਲ, ਧੀਰਜ ਘਈ, ਦੁਰੋਹੀਨ ਘਈ ਆਦਿ ਹਾਜ਼ਰ ਸਨ।

# ਫਗਵਾੜਾ ਪੁਲਿਸ ਵੱਲੋਂ ਹਾਈਵੇ ਤੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ ਦੋ ਦੋਸ਼ੀ 01 ਮੋਟਰਸਾਈਕਲ ਬਿਨਾ ਨੰਬਰੀ, 02 ਦਾਤਰ ਅਤੇ 5,000/-ਰੁਪਏ ਨਗਦੀ ਸਮੇਤ ਗ੍ਰਿਫਤਾਰ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸ੍ਰੀਮਤੀ ਵਤਸਲਾ ਗੁਪਤਾ ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜਿਲਾ ਕਪੂਰਥਲਾ ਦੀ ਸਬ ਡਵੀਜਨ ਫਗਵਾੜਾ ਪੁਲਿਸ ਟੀਮ ਵੱਲੋਂ ਹਾਈਵੇ ਤੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ 02 ਮੈਂਬਰਾਂ ਨੂੰ 01 ਮੋਟਰਸਾਈਕਲ ਬਿਨਾ ਨੰਬਰੀ, 02 ਦਾਤਰ ਅਤੇ 5,000/-ਰੁਪਏ ਨਗਦੀ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੀ ਸੁਪਰਵੀਜਨ ਹੇਠ ਅਤੇ ਸ੍ਰੀ ਜਸਪ੍ਰੀਤ ਸਿੰਘ ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਨਿਗਰਾਨੀ ਹੇਠ ਅਤੇ ਸਬ ਇੰਸਪੈਕਟਰ ਅਮਨਦੀਪ ਕੁਮਾਰ 38/ਜੇ.ਆਰ. ਮੁੱਖ ਅਫਸਰ ਥਾਣਾ ਸਦਰ ਫਗਵਾੜਾ ਵੱਲੋਂ ਮਿਤੀ 07.09.2024 ਨੂੰ ਉਪਿੰਦਰ ਦਾਸ ਪੁੱਤਰ ਪੂਜਨ ਦਾਸ ਵਾਸੀ ਐਸ.ਪੀ. ਕਲੋਨੀ ਫਗਵਾੜਾ ਜਿਲਾ ਕਪੂਰਥਲਾ ਪਾਸੋਂ 02 ਵਿਅਕਤੀਆਂ ਨੇ ਦਾਤਰ ਦੀ ਨੋਕ ਤੇ 11000/-ਰੁਪਏ ਖੋਹ ਹੋਣ ਦੀ ਸੂਚਨਾ ਪ੍ਰਾਪਤ ਹੋਣ ਤੇ ਮੁਕੱਦਮਾ ਨੰਬਰ 86 ਮਿਤੀ 13.09.2024 ਅ/ਧ 304 2©♥ ਥਾਣਾ ਸਦਰ ਫਗਵਾੜਾ ਜਿਲਾ ਕਪੂਰਥਲਾ ਦਰਜ ਰਜਿਸਟਰ ਕਰਕੇ ਦੋਸ਼ੀਆਂ ਦੀ ਤੈਅ ਤੱਕ ਡੂੰਘਾਈ ਨਾਲ ਪਹੁੰਚ ਕੇ ਹਨੀ ਕੁਮਾਰ ਪੁੱਤਰ ਮੱਖਣ ਸਿੰਘ ਅਤੇ ਸੁਨੀਲ ਕੁਮਾਰ ਪੁੱਤਰ ਗੁਰਮੀਤ ਰਾਮ ਵਾਸੀਆਨ ਪਿੰਡ ਸਲੋਅ ਥਾਣਾ ਸਿਟੀ ਨਵਾਂਸ਼ਹਿਰ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜਾ ਵਿੱਚੋਂ ਖੋਹ ਕੀਤੀ ਰਕਮ ਵਿੱਚੋਂ 5000/- ਰੁਪਏ ਇੱਕ ਮੋਟਰਸਾਇਕਲ ਬਿਨਾ ਨੰਬਰੀ ਅਤੇ 2 ਦਾਤਰ ਬ੍ਰਾਮਦ ਕੀਤੇ ਹਨ। ਜਿਹਨਾਂ ਨੇ ਪੁਲਿਸ ਪਾਸ ਪੁੱਛਗਿੱਛ ਦੌਰਾਨ ਦੱਸਿਆ ਕਿ ਉਹਨਾਂ ਵੱਲੋਂ ਮਿਤੀ 08.08.24 ਨੂੰ ਥਾਣਾ ਸਤਨਾਮਪੁਰਾ ਦੇ ਪਿੰਡ ਅਠੌਲੀ ਵਿੱਚੋਂ ਠੇਕਾ ਲੁੱਟਣ ਦੀ ਨੀਅਤ ਨਾਲ ਕਰਿੰਦੇ ਤੇ ਹਮਲਾ ਕੀਤਾ ਸੀ। ਜਿਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇ, ਜਿਸ ਪਾਸੋਂ ਹੋਰ ਵੀ ਅਹਿਮ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ

# ਡੀ ਐਮ ਐਫ ਪੰਜਾਬ ਜ਼ਿਲ੍ਹਾ ਜਲੰਧਰ ਦੇ ਹਰਿੰਦਰ ਦੁਸਾਂਝ ਪ੍ਰਧਾਨ ਤੇ ਕਲਵਿੰਦਰ ਸਿੰਘ ਜੋਸ਼ਨ ਜਨਰਲ ਸਕੱਤਰ ਬਣੇ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ):- ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਜਲੰਧਰ ਵਲੋਂ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਜ਼ਿਲ੍ਹਾ ਜਲੰਧਰ ਦਾ ਡੈਲੀਗੇਟ ਅਜਲਾਸ ਕੀਤਾ ਗਿਆ। ਜਿਸ ਵਿੱਚ ਜ਼ਿਲੇ ਦੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੀਆਂ ਜ਼ਿਲਾ ਪੱਧਰੀ ਜੱਥੇਬੰਦੀਆਂ ਦੇ ਚੁਣੇ ਹੋਏ ਡੈਲੀਗੇਟਾ ਨੇ ਸ਼ਮੂਲੀਅਤ ਕੀਤੀ।ਇਹ ਜ਼ਿਲਾ ਪੱਧਰੀ ਚੋਣ  ਹਰਦੀਪ ਸਿੰਘ ਟੋਡਰਪੁਰ ਸੂਬਾਈ ਜਨਰਲ ਸਕੱਤਰ ਦੀ ਦੇਖ ਰੇਖ ਹੇਠ ਕੀਤੀ ਗਈ। ਅਜਲਾਸ ਦੀ ਸ਼ੁਰੂਆਤ ਜਥੇਬੰਦੀ ਦੇ ਪ੍ਰਧਾਨ ਹਰਿੰਦਰ ਦੁਸਾਂਝ ਦੇ ਉਦਘਾਟਨੀ ਭਾਸ਼ਣ ਨਾਲ ਸ਼ੁਰੂ ਕੀਤੀ ਗਈ। ਪਿਛਲੇ ਸਮੇਂ ਜਥੇਬੰਦੀ ਵੱਲੋਂ ਕੀਤੀਆਂ ਗਤੀਵਿਧੀਆਂ ਦੀ ਰਿਪੋਰਟ ਜ਼ਿਲ੍ਹਾ ਜਨਰਲ ਸਕੱਤਰ ਵੱਲੋਂ ਪੇਸ਼ ਕੀਤੀ ਗਈ।ਜਿਸ ਤੇ ਡੈਮੋਕ੍ਰੇਟਿਕ ਟੀਚਰ ਫਰੰਟ ਵੱਲੋਂ ਜਸਵੀਰ ਸਿੰਘ ਸੰਧੂ,ਅਮਰੀਕ ਸਿੰਘ, ਡੈਮੋਕ੍ਰੇਟਿਕ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਵੱਲੋਂ ਮਨਦੀਪ ਕੌਰ ਬਿਲਗਾ, ਗੁਰਜੀਤ ਕੌਰ ਸ਼ਾਹਕੋਟ, ਅੰਮ੍ਰਿਤਪਾਲ ਕੌਰ ਨੁੱਸੀ,ਮਿਡ ਡੇ ਮੀਲ ਵਰਕਰ ਯੂਨੀਅਨ ਵਲੋਂ ਕਲਵਿੰਦਰ ਕੌਰ,ਸੀਮਾ ਸਈਪੁਰ, ਹਰਜਿੰਦਰ ਕੌਰ, ਕੰਟਰੈਕਟ ਮਲਟੀਪਰਪਜ ਹੈਲਥ ਵਰਕਰ ਯੂਨੀਅਨ ਵੱਲੋਂ ਸਰਬਜੀਤ ਕੌਰ,ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਵੱਲੋਂ ਜਸਵੀਰ ਸਿੰਘ ਸੀਰਾ, ਡੈਮੋਕ੍ਰੇਟਿਕ ਜੰਗਲਾਤ ਵਰਕਰ ਯੂਨੀਅਨ ਵੱਲੋਂ ਮਹਿੰਦਰ ਸਿੰਘ, ਡੈਮੋਕ੍ਰੇਟਿਕ ਪੈਰਾ ਮੈਡੀਕਲ ਮੁਲਾਜ਼ਮ ਯੂਨੀਅਨ ਵੱਲੋਂ ਬਲਵਿੰਦਰ ਸਿੰਘ ਗਿੱਲ ਤੋਂ ਇਲਾਵਾ ਹੋਰ ਆਗੂਆਂ ਨੇ ਵੀ ਰਿਪੋਰਟ ਤੇ ਬਹਿਸ ਕਰਦਿਆਂ ਆਪਣੇ ਵਿਚਾਰ ਪ੍ਰਗਟ ਕੀਤੇ।




ਇਸ ਅਜਲਾਸ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ ਘੁੱਗ ਸ਼ੋਰ ਜਥੇਬੰਦੀ ਦੇ ਸੂਬਾਈ ਆਗੂ ਗੁਰਿੰਦਰਜੀਤ ਸਿੰਘ,ਗੁਰਮੁਖ ਸਿੰਘ ਲੋਕ ਪ੍ਰੇਮੀ, ਬਲਵਿੰਦਰ ਕੌਰ ਟਿੱਬਾ, ਰਜਿੰਦਰਪਾਲ ਕੌਰ, ਨੇ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਮੁਲਾਜ਼ਮਾਂ ਉਤੇ ਹੋ ਰਹੇ ਹਮਲਿਆਂ ਬਾਰੇ ਵਿਚਾਰ ਚਰਚਾ ਕਰਦਿਆਂ ਇਕਜੁੱਟ ਹੋ ਕੇ ਤਿੱਖੀ ਲੜਾਈ ਲੜਨ ਦਾ ਸੱਦਾ ਦਿੱਤਾ। ਅਖੀਰ ਵਿੱਚ ਸੂਬਾਈ ਆਗੂ ਗੁਰਿੰਦਰਜੀਤ ਸਿੰਘ ਨੇ ਜ਼ਿਲੇ ਦੀ ਨਵੀਂ ਟੀਮ ਪੈਨਲ ਪੇਸ਼ ਕੀਤਾ ਜਿਸ ਵਿੱਚ ਹਰਿੰਦਰ ਦੁਸਾਂਝ ਪ੍ਰਧਾਨ, ਕਲਵਿੰਦਰ ਸਿੰਘ ਜੋਸ਼ਨ ਜਨਰਲ ਸਕੱਤਰ, ਮਨਦੀਪ ਕੌਰ ਬਿਲਗਾ ਵਿੱਤ ਸਕੱਤਰ, ਜਸਵੀਰ ਸਿੰਘ ਸ਼ੀਰਾ ਪ੍ਰੈਸ ਸਕੱਤਰ,ਕੁਲਵਿੰਦਰ ਕੌਰ ਅਮਾਨਤਪੁਰ, ਗੁਰਜੀਤ ਕੌਰ ਸ਼ਾਹਕੋਟ ਤੇ ਜੁਗਿੰਦਰ ਸਿੰਘ ਮੀਤ ਪ੍ਰਧਾਨ, ਸਰਬਜੀਤ ਕੌਰ ਜਾਇੰਟ ਸਕੱਤਰ, ਜਸਵੀਰ ਸਿੰਘ ਸੰਧੂ ਜਥੇਬੰਦਕ ਸਕੱਤਰ, ਬਲਵਿੰਦਰ ਸਿੰਘ ਗਿੱਲ ਸਹਾਇਕ ਵਿੱਤ ਸਕੱਤਰ,

ਅੰਮ੍ਰਿਤਪਾਲ ਕੌਰ ਨੁੱਸੀ, ਜਸਵਿੰਦਰ ਕੌਰ, ਰਮਨਜੀਤ ਸਿੰਘ, ਕੁਲਵੰਤ ਸਿੰਘ ਨੂੰ ਮੈਂਬਰ ਚੁਣਿਆ ਗਿਆ।

ਰੋਜ਼ਾਨਾ ਲੋਕ ਬਾਣੀ www.lokbani

# ਕਾਂਗਰਸ ਨੂੰ ਹਲਕੇ ਵਿੱਚ ਮੁੜ ਸੁਰਜੀਤ ਕਰਨ ਲਈ ਹਲਕੇ ਦੇ ਵਰਕਰਾਂ ਦਾ ਮਾਣ ਸਨਮਾਨ ਕਰਨਾ ਬਹੁਤ ਜ਼ਰੂਰੀ -: ਡਾ.ਅੱਛਰ ਸ਼ਰਮਾ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਕਾਂਗਰਸੀ ਆਗੂ ਡਾਕਟਰ ਅੱਛਰ ਸ਼ਰਮਾ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਸ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ਼੍ਰੀ ਆਨੰਦਪੁਰ ਸਾਹਿਬ ਨਾਲ ਸੰਬੰਧਤ ਕਿਸੇ ਟਕਸਾਲੀ ਕਾਂਗਰਸੀ ਆਗੂ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਜਾਵੇ। ਪਿੱਛਲੇ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਦਾ ਰੋਪੜ ਜ਼ਿਲ੍ਹੇ ਦਾ ਪ੍ਰਧਾਨ ਰੋਪੜ ਹਲਕੇ ਤੋਂ ਹੀ ਲਗਦਾ ਆ ਰਿਹਾ ਹੈ। ਪਿੱਛਲੇ ਪ੍ਰਧਾਨ ਸਵਰਗਵਾਸੀ ਜ਼ੈਲਦਾਰ ਸਤਵਿੰਦਰ ਸਿੰਘ ਚੈੜੀਆਂ ਚਮਕੌਰ ਸਾਹਿਬ ਹਲਕੇ ਨਾਲ ਸੰਬੰਧ ਰੱਖਦੇ ਸਨ। ਪਰੰਤੂ ਸ਼੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਕਿਸੇ ਵੀ ਆਗੂ ਨੂੰ ਕਾਂਗਰਸ ਪਾਰਟੀ ਦੀ ਜ਼ਿਲ੍ਹਾ ਪ੍ਰਧਾਨਗੀ ਨਸੀਬ ਨਹੀਂ ਹੋਈ। ਇਸ ਹਲਕੇ ਵਿੱਚ ਬਹੁਤ ਟਕਸਾਲੀ ਕਾਂਗਰਸੀ ਆਗੂ ਪਿੱਛਲੇ ਲੰਮੇ ਸਮੇਂ ਤੋਂ ਪਾਰਟੀ ਦੀ ਸੇਵਾ ਕਰ ਰਹੇ ਹਨ ਅਤੇ ਪਾਰਟੀ ਦੀ ਵਾਗਡੋਰ ਸੰਭਾਲਣ ਲਈ ਸਕਸ਼ਮ ਹਨ। ਹਕੀਮ ਹਰਮਿੰਦਰ ਪਾਲ ਸਿੰਘ ਮਿਨਹਾਸ, ਡਾ ਰਵਿੰਦਰ ਦੀਵਾਨ, ਪਰਤਾਪ ਸੈਣੀ, ਰਾਜ ਸਿੰਘ ਨੰਗਲ, ਐਡਵੋਕੇਟ ਪਰਮਜੀਤ ਸਿੰਘ ਪੰਮਾ, ਗੁਰਵੀਰ ਸਿੰਘ ਗਜਪੁਰ ਅਤੇ ਬਲਵੀਰ ਸਿੰਘ ਸੈਣੀ ਵਰਗੇ ਕਈ ਆਗੂਆਂ ਨੇ ਸਾਰੀ ਜ਼ਿੰਦਗੀ ਕਾਂਗਰਸ ਪਾਰਟੀ ਦੀ ਸੇਵਾ ਵਿੱਚ ਲਗਾ ਦਿੱਤੀ ਹੈ। ਇਸ ਲਈ ਇਹਨਾਂ ਸਮਰਪਤ ਆਗੂਆਂ ਵਿੱਚੋ ਕਿਸੇ ਇੱਕ ਨੂੰ ਜ਼ਿਲ੍ਹਾ ਪ੍ਰਧਾਨਗੀ ਦੇਕੇ ਸ਼੍ਰੀ ਆਨੰਦਪੁਰ ਸਾਹਿਬ ਹਲਕੇ ਦੇ ਵਰਕਰਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਜਾਵੇ। ਪਿਛਲੀਆਂ ਪਾਰਲੀਮੈਂਟਰੀ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਹਲਕੇ ਵਿੱਚ ਤੀਜੇ ਸਥਾਨ ਤੇ ਆਉਣ ਦਾ ਕਾਰਨ ਵਰਕਰਾਂ ਨੂੰ ਅਣਗੌਲਿਆ ਕਰਨਾ ਹੀ ਹੈ। ਕਾਂਗਰਸ ਨੂੰ ਹਲਕੇ ਵਿੱਚ ਮੁੜ ਸੁਰਜੀਤ ਕਰਨ ਲਈ ਹਲਕੇ ਦੇ ਵਰਕਰਾਂ ਦਾ ਮਾਣ ਸਨਮਾਨ ਕਰਨਾ ਬਹੁਤ ਜ਼ਰੂਰੀ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਨੈਸ਼ਨਲ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 7429 ਕੇਸਾਂ ਵਿੱਚੋਂ 4451 ਕੇਸਾਂ ਦਾ ਕੀਤਾ ਨਿਪਟਾਰਾ

ਗੁਰਦਾਸਪੁਰ-ਨਵਨੀਤ ਕੁਮਾਰ -
ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੀ ਰਹਿਨੁਮਾਈ ਹੇਠ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੁਆਰਾ ਸੈਸ਼ਨਜ਼ ਡਵੀਜਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਲਗਾਈ ਗਈ। ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 14 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਹੇਠ ਲਿਖੇ ਕਿਸਮਾਂ ਦੇ ਕੇਸ ਲਗਾਏ ਗਏ, ਜਿਵੇਂ ਕਿ -ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕੇਸ ਲਗਾਏ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 7429 ਕੇਸ ਲਗਾਏ ਗਏ ਹਨ, ਜੋ ਕਿ ਕੋਰਟਾਂ ਵਿੱਚ ਲੰਬਿਤ ਸਨ ਅਤੇ ਪ੍ਰੀ-ਲੀਟੀਗੇਟਿਵ ਕੇਸ ਸਨ, ਜਿਨ੍ਹਾ ਵਿੱਚੋਂ ਕੁੱਲ 4451 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 244014542/-ਰੁਪਏ ਦੀ ਰਕਮ ਦੇ ਆਵਾਰਡ ਪਾਸ ਕੀਤੇ ਗਏ। ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲਾ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਵਿੱਚ ਲਗਾਈ

# ਸਮੇਂ ਸਿਰ ਇਲਾਜ ਨਾ ਕਰਵਾਉਣ ਤੇ ਹੋ ਸਕਦੀਐ ਮਰੀਜ ਦੀ ਮੌਤ : ਡਾ. ਰਿਚਾ ਭਾਟੀਆ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਹੈਪੇਟਾਈਟਸ ਦੇ ਵਾਇਰਸ ਨੂੰ ਫੈਲਣ ਤੋਂ ਰੋਕਣ ਅਤੇ ਹੈਪੇਟਾਈਟਸ ਕਾਰਣ ਹੋਣ ਵਾਲੀਆਂ ਮੌਤਾਂ ਨੂੰ ਕੰਟਰੋਲ ਕਰਨ ਦੇ ਉਦੇਸ਼ ਨਾਲ ਸਰਕਾਰ ਵੱਲੋਂ ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਜਾਣਕਾਰੀ ਸਿਵਲ ਸਰਜਨ ਕਪੂਰਥਲਾ ਡਾ.ਰਿਚਾ ਭਾਟੀਆ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਚਲਾਉਣ ਦਾ ਉਦੇਸ਼ 2030 ਤੱਕ ਹੈਪੇਟਾਈਟਸ ਦਾ ਦੇਸ਼ ਵਿਚੋਂ ਖਾਤਮਾ ਕਰਨਾ ਹੈ। ਸਿਵਲ ਸਰਜਨ ਡਾ.ਰਿਚਾ ਭਾਟੀਆ ਨੇ ਇਹ ਵੀ ਦੱਸਿਆ ਕਿ ਹੈਪੇਟਾਈਟਸ ਏ,ਬੀ,ਸੀ,ਡੀ ਅਤੇ ਈ ਪੰਜ ਤਰ੍ਹਾਂ ਦਾ ਹੁੰਦਾ ਹੈ ਜਿਨ੍ਹਾਂ ਵਿਚੋਂ ਸੀ ਅਤੇ ਬੀ ਦਾ ਸੰਕ੍ਰਮਣ ਖਤਰਨਾਕ ਹੈ ਤੇ ਸਮੇਂ ਸਿਰ ਇਲਾਜ ਨਾ ਕਰਵਾਉਣ ਤੇ ਮਰੀਜ ਦੀ ਮੌਤ ਵੀ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਹੈਪੇਟਾਈਟਸ ਸੀ ਦਾ ਪ੍ਰੋਗਰਾਮ ਪਹਿਲਾਂ ਹੀ ਪੰਜਾਬ ਵਿਚ ਮੁੱਖ ਮੰਤਰੀ ਪੰਜਾਬ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ ਦੇ ਤਹਿਤ ਚੱਲ ਰਿਹਾ ਹੈ ਜਿਸ ਦੇ ਤਹਿਤ ਹੈਪੇਟਾਈਟਸ ਬੀਮਾਰੀ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫਤ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ 1 ਅਪ੍ਰੈਲ  ਤੋਂ ਲੈ ਕੇ ਹੁਣ ਤੱਕ 1230 ਮਰੀਜ਼ ਸਕ੍ਰੀਨ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿਚੋਂ 930 ਮਰੀਜਾਂ ਦਾ ਟ੍ਰੀਟਮੈਂਟ ਹੋ ਚੁੱਕਾ ਹੈ ਅਤੇ 23 ਮਰੀਜਾਂ ਦਾ ਇਲਾਜ ਚੱਲ ਰਿਹਾ ਹੈ। ਸਿਵਲ ਸਰਜਨ ਨੇ ਇਹ ਵੀ  ਦੱਸਿਆ ਕਿ ਸੰਕ੍ਰਮਿਤ ਖੂਨ ਚੜਾਉਣ ਨਾਲ, ਸਰਿੰਜਾਂ ਸ਼ੇਅਰ ਕਰਨ ਨਾਲ, ਗਰਭਾਵਸਥਾ ਦੌਰਾਨ ਮਾਂ ਤੋਂ ਬੱਚੇ ਨੂੰ, ਸੈਕਸ ਕਰਨ ਨਾਲ ਹੈਪੇਟਾਈਟਸ ਸੀ ਦਾ ਸੰਕ੍ਰਮਣ ਫੈਲਦਾ ਹੈ। ਉਨ੍ਹਾਂ ਦੱਸਿਆ ਕਿ ਭੱ ਭੁੱਖ ਨਾ ਲਗੱਣਾ, ਅੱਖਾਂ ਪੀਲੀਆ ਹੋਣਾ, ਪੇਟ ਫੁੱਲਣਾ ਅਤੇ ਪੇਟ ਵਿਚ ਪਾਣੀ ਭਰਨਾ ਖੂਨ ਦੀ ਉਲਟੀ ਆਉਣਾ ਹੈਪੇਟਾਈਟਸ ਸੀ ਦੇ ਲੱਛਣ ਹਨ ਅਤੇ ਸਹੀ ਇਲਾਜ ਨਾ ਹੋਣ ਨਾਲ ਲਿਵਰ ਕੈਂਸਰ ਅਤੇ ਸਿਰੋਸਿਸ ਵੀ ਹੋ ਸਕਦਾ ਹੈ।  ਉਨ੍ਹਾਂ ਅਜਿਹੇ ਲੱਛਣ ਨਜਰ ਆਉਣ ਤੇ ਤੁਰੰਤ ਨੇੜੇ ਦੇ ਸਰਕਾਰੀ।  ਸਿਹਤ ਕੇਂਦਰ ਦੇ ਮਾਹਰ ਡਾਕਟਰਾਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਇਲਾਜ ਸੰਭਵ ਹੈ ਬਸ਼ਰਤੇ ਇਲਾਜ ਸਮੇਂ ਸਿਰ ਅਤੇ ਮਾਹਰ ਡਾਕਟਰ ਦੀ ਦੇਖ ਰੇਖ ਹੇਠ ਸ਼ੁਰੂ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਸਾਰੇ ਸਰਕਾਰੀ ਜਿਲਾ ਹਸਪਤਾਲਾਂ ਵਿਚ ਉਕਤ ਬਿਮਾਰੀ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ



ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ  ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ  ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਫਗਵਾੜਾ ਪੱਤਰਕਾਰ ਸੰਗਠਨ ਨੇ ਫਸਟ ਏਡ ਦਿਵਸ ਮੌਕੇ ਟ੍ਰੈਫਿਕ ਅਤੇ ਪੀ ਸੀ ਆਰ ਪੁਲਿਸ ਨੂੰ ਮੁੱਢਲੀ ਸਹਾਇਤਾ ਸਬੰਧੀ ਦਿੱਤੀ ਜਾਣਕਾਰੀ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਹਰ ਸਾਲ ਸਤੰਬਰ ਦੇ ਦੂਜੇ ਸ਼ਨਿਚਰਵਾਰ ਨੂੰ ਵਿਸ਼ਵ ਫਸਟ ਏਡ ਦਿਵਸ ਮਨਾਇਆ ਜਾਂਦਾ ਹੈ ਇਸ ਦਿਵਸ ਦੀ ਸਥਾਪਨਾ ਸੰਨ 2000 ਚ ਇੰਟਰਨੈਸ਼ਨਲ ਫੈੱਡਰੇਸ਼ਨ ਆਫ ਰੈੱਡ ਕਰਾਸ (ਆਈਐੱਫਆਰਸੀ) ਅਤੇ ਰੈੱਡ ਕ੍ਰੈਸੇਂਟ ਸੁਸਾਇਟੀਆਂ ਨੇ ਕੀਤੀ ਸੀ ਇਸ ਦਾ ਮੁੱਖ ਉਦੇਸ਼ ਮੁੱਢਲੀ ਸਹਾਇਤਾ ਦੀ ਮਹੱਤਤਾ ਅਤੇ ਜਾਨਾਂ ਨੂੰ ਬਚਾਉਣਾ ਕਿੰਨਾ ਮਹੱਤਵਪੂਰਨ ਹੈ ਇਸ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਫਗਵਾੜਾ ਪੱਤਰਕਾਰ ਸੰਗਠਨ ਦੇ ਪ੍ਰਧਾਨ ਡਾ ਰਮਨ ਸ਼ਰਮਾ ਨੇ ਟ੍ਰੈਫਿਕ ਅਤੇ ਪੀ ਸੀ ਆਰ ਫਗਵਾੜਾ ਦੇ ਸਹਿਯੋਗ ਨਾਲ ਪ੍ਰੋਜੈਕਟ ਡਾਇਰੈਕਟਰ ਧੰਨਪਾਲ ਸਿੰਘ ਗਾਂਧੀ ਵਲੋਂ ਟ੍ਰੈਫਿਕ ਆਫਿਸ ਫਗਵਾੜਾ ਵਿਖੇ ਰੱਖੇ ਫਸਟ ਏਡਦਿਵਸ ਸੰਬੰਧੀ ਪ੍ਰੋਗਰਾਮ ਦੌਰਾਨ ਕੀਤਾ ਉਨ੍ਹਾਂ ਕਿਹਾ ਕਿ ਫਸਟ ਏਡਸ਼ਬਦ ਦਾ ਮਤਲਬ ਹੈ ਕਿਸੇ ਅਚਾਨਕ ਸੱਟ ਜਾਂ ਬਿਮਾਰੀ ਨਾਲ ਪੀੜਤ ਵਿਅਕਤੀ ਨੂੰ ਦਿੱਤੀ ਜਾਂਦੀ ਸਹਾਇਤਾ ਇਹ ਹਮੇਸ਼ਾ ਮੈਡੀਕਲ ਕਰਮਚਾਰੀਆਂ ਦੁਆਰਾ ਨਹੀਂ ਦਿੱਤੀ ਜਾਂਦੀ ਹੰਗਾਮੀ ਹਾਲਾਤ ਚ ਆਮ ਲੋਕਾਂ ਨੂੰ ਅਕਸਰ ਕਿਸੇ ਦੀ ਜਾਨ ਬਚਾਉਣ ਲਈ ਮੁੱਢਲੀ ਸਹਾਇਤਾ ਕਰਨੀ ਪੈਂਦੀ ਹੈ ਮੁੱਢਲੀ ਸਹਾਇਤਾ ਦਾ ਉਦੇਸ਼ ਜ਼ਿੰਦਗੀ ਨੂੰ ਬਚਾਉਣਾ ਅਤੇ ਸੱਟ ਜਾਂ ਬਿਮਾਰੀ ਕਾਰਨ ਹੋਏ ਦਰਦ ਜਾਂ ਨੁਕਸਾਨ ਨੂੰ ਘਟਾਉਣਾ ਹੈ ਉਨ੍ਹਾਂ ਕਿਹਾ ਕਿ ਦੁਰਘਟਨਾ ਦੌਰਾਨ ਮਰੀਜ਼ ਨੂੰ ਜਲਦੀ ਤੋਂ ਜਲਦੀ ਹਸਪਤਾਲ ਪਹੁੰਚਾਇਆ ਜਾ ਸਕੇ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜੋ ਦੁਰਘਟਨਾ ਸਮੇਂ ਮਰੀਜ਼ ਨੂੰ ਸੰਭਾਲ ਕੇ ਮੁੱਢਲੀ ਸਹਾਇਤਾ ਦਿੰਦੇ ਹਨ ਅਤੇ ਹਸਪਤਾਲ ਪਹੁੰਚਾਉਂਦੇ ਹਨ ਇਸ ਦਾ ਇੱਕ ਕਾਰਣ ਇਹ ਵੀ ਹੈ ਕਿ ਕਈ ਵਾਰ ਜੋ ਲੋਕ ਮਰੀਜ਼ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲ ਪਹੁੰਚਾਉਂਦੇ ਹਨ ਉਨ੍ਹਾਂ ਨੂੰ ਕਈ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਪੁਲਿਸ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛਦੀ ਹੈ ਪਰ ਹੁਣ ਕਾਨੂੰਨੀ ਪਹਿਲ ਬਦਲ ਗਿਆ ਹੈ ਹੁਣ ਫਸਟ ਏਡਰ ਨੂੰ ਬਿਆਨ ਦੇਣ ਲਈ ਬੰਦਿਸ਼ ਨਹੀਂ ਹੈ ਸਗੋਂ ਹੁਣ ਉਸ ਨੂੰ ਫ਼ਰਿਸ਼ਤਾ ਸਕੀਮ ਤਹਿਤ ਉਸ ਨੂੰ ਸਨਮਾਨਿਤ ਕੀਤਾ ਜਾਂਦਾ ਹੈ

ਇਸ ਮੌਕੇ ਮੁੱਖ ਬੁਲਾਰੇ ਵਜੋਂ ਪਹੁੰਚੇ ਸਟੇਟ ਐਵਾਰਡੀ ਮਾਸਟਰ ਸੋਮਰਾਜ ਨੇ ਅਪਣੇ ਸੰਬੋਧਨ ਚ ਬੋਲਦਿਆਂ ਦੱਸਿਆ ਕਿ ਮੁੱਢਲੀ ਸਹਾਇਤਾ ਦੇ ਉਦੇਸ਼ ਕੀ ਹੁੰਦੇ ਇਸ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਆਖਿਆ ਕਿ ਮੁੱਢਲੀ ਸਹਾਇਤਾ ਦਾ ਉਦੇਸ਼ ਜਾਨ ਨੂੰ ਬਚਾਉਣਾ , ਸਥਿਤੀ ਵਿੱਚ ਸੁਧਾਰ ਲਿਆਉਣਾ , ਹਾਲਤ ਨੂੰ ਵਿਗੜਣ ਤੋਂ ਬਚਾਉਣਾ , ਅਤੇ ਫਟੜ ਨੂੰ ਹਸਪਤਾਲ ਪਹੁੰਚਾਉਣਾ ਇਸ ਮੌਕੇ ਉਨ੍ਹਾਂ ਬਨਾਵਟੀ ਸਾਹ , ਜੀਵਨ ਰੱਖਿਅਕ ਪ੍ਰਣਾਲੀ ਸੰਜੀਵਨੀ ਸੀ ਪੀ ਆਰ , ਖ਼ੂਨ ਨੂੰ ਰੋਕਣਾ , ਹੱਡੀਆਂ ਦੀ ਟੁੱਟਾ ਦੀਆ ਪੱਟੀਆ ਅਤੇ ਬਾਹਰੀ ਵਸਤੂ ਦਾ ਸਰੀਰ ਵਿੱਚ ਖੁਬਣ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਵਰਤਨ ਅਤੇ ਪੱਟੀਆ ਬੰਨ ਕੇ ਵਿਖਾਈਆ ਉਨ੍ਹਾਂ ਇਸ ਮੌਕੇ ਮੁੱਢਲੀ ਸਹਾਇਤਾ ਚ ਕੰਮ ਆਉਣ ਵਾਲੇ ਮੱਹਤਵਪੂਰਨ ਹੈਲਪ ਲਾਈਨ ਨੰਬਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਹੈਲਪ ਲਾਈਨ ਨੰਬਰ 100 , ਅੱਗ ਬੁਝਾਉਣ ਲਈ ਨੰਬਰ 101 , ਡਾਕਟਰੀ ਸਹਾਇਤਾ ਨੰਬਰ 104 , ਸਾਰਿਆ ਸੰਕਟ ਸਥਿਤੀਆਂ ਵਿੱਚ ਨੰਬਰ 112 , ਐਮਬੂਲੈਂਸ ਨੰਬਰ 108 , ਨੈਸ਼ਨਲ ਹਾਈਵੇ ਦੁਰਘਟਨਾ ਨੰਬਰ 10 73 , ਔਰਤਾ ਦੀ ਸਹਾਇਤਾ ਸੰਬੰਧੀ ਨੰਬਰ 10 91 , ਚਲਦੀ ਰੇਲ ਚ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਨੰਬਰ 182 , ਬੱਚਿਆਂ ਦੀ ਸੁਰੱਖਿਆ ਲਈ ਨੰਬਰ 1098 ਤੋਂ ਇਲਾਵਾ ਹੋਰ ਨੰਬਰਾ ਦੀ ਜਾਣਕਾਰੀ ਦਿੱਤੀ ਇਸ ਮੌਕੇ ਧੰਨਪਾਲ ਸਿੰਘ ਗਾਂਧੀ, ਡਾ.ਰਮਨ ਸ਼ਰਮਾ, ਸੁਸ਼ੀਲ ਸ਼ਰਮਾ, ਜੀਵਨ ਸੰਘਾ, ਸੱਤਪ੍ਰਕਾਸ਼ ਸਿੰਘ ਸੱਗੂ, ਪ੍ਰਵੀਨ ਕਨੋਜੀਆ, ਨਰਿੰਦਰ ਪਾਲ ਸਿੰਘ ਮਾਹੀ, ਅਜੇ ਕੋਛੜ, ਗੁਰਪ੍ਰੀਤ ਕੌਰ, ਅੰਮ੍ਰਿਤ ਪਾਲ ਸਿੰਘ,
ਦਵਿੰਦਰ ਸ਼ਰਮਾ (ਟਿੰਨੀ),

ਇਸ ਮੌਕੇ ਇੰਸਪੈਕਟਰ ਅਮਨ ਇੰਚਾਰਜ ਟਰੈਫਿਕ, ਐਸ.ਆਈ ਮਹਿੰਦਰ ਸਿੰਘ ਇੰਚਾਰਜ ਪੀ.ਸੀ.ਆਰ, ਏ ਐਸ ਆਈ ਸੋਹਣ ਸਿੰਘ ਮੁਨਸ਼ੀ ਟਰੈਫਿਕ ਪੀ.ਸੀ. ਆਰ, ਏ ਐਸ ਆਈ ਕੁਲਵਿੰਦਰ ਸਿੰਘ,ਏ ਐਸ ਆਈ ਰਾਮ ਮੂਰਤੀ, ਏ ਐਸ ਆਈ ਜਸਵਿੰਦਰ, ਏ ਐਸ ਆਈ ਹਰਦੇਵ, ਏ ਐਸ ਆਈ ਹਰਜੀਤ, ਏ ਐਸ ਆਈ ਕਰਤਾਰ, ਏ ਐਸ ਆਈ ਜੀਵਨ ਲਾਲ, ਏ ਐਸ ਆਈ ਨਿਰਮਲ ,ਐਚ ਸੀ ਅਮਰੀਕ ,ਸੀ ਟੀ ਨਵਦੀਪ ਆਦਿ ਮੌਜੂਦ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਨੈਸ਼ਨਲ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 7429 ਕੇਸਾਂ ਵਿੱਚੋਂ 4451 ਕੇਸਾਂ ਦਾ ਕੀਤਾ ਨਿਪਟਾਰਾ



ਗੁਰਦਾਸਪੁਰ-ਨਵਨੀਤ ਕੁਮਾਰ -
ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੀ ਰਹਿਨੁਮਾਈ ਹੇਠ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜੀਆਂ ਦੁਆਰਾ ਸੈਸ਼ਨਜ਼ ਡਵੀਜਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਲਗਾਈ ਗਈ। ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 14 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਹੇਠ ਲਿਖੇ ਕਿਸਮਾਂ ਦੇ ਕੇਸ ਲਗਾਏ ਗਏ, ਜਿਵੇਂ ਕਿ -ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕੇਸ ਲਗਾਏ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 7429 ਕੇਸ ਲਗਾਏ ਗਏ ਹਨ, ਜੋ ਕਿ ਕੋਰਟਾਂ ਵਿੱਚ ਲੰਬਿਤ ਸਨ ਅਤੇ ਪ੍ਰੀ-ਲੀਟੀਗੇਟਿਵ ਕੇਸ ਸਨ, ਜਿਨ੍ਹਾ ਵਿੱਚੋਂ ਕੁੱਲ 4451 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 244014542/-ਰੁਪਏ ਦੀ ਰਕਮ ਦੇ ਆਵਾਰਡ ਪਾਸ ਕੀਤੇ ਗਏ। ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਲੋਕ ਅਦਾਲਤਾਂ ਰਾਹੀਂ ਫੈਸਲਾ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ। ਇਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਵਿੱਚ ਲਗਾਈ ਗਈ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਬਸਪਾ ਦੇ ਕੌਮੀ ਜਨਰਲ ਸਕੱਤਰ ਸਵਰਗਵਾਸੀ ਮਾਨ ਸਿੰਘ ਮਨਹੇੜਾ ਦਾ ਜਨਮ ਦਿਵਸ ਮਨਾਇਆ



ਖਰੜ, ( ਕਾਲਾ ਸਿੰਘ ਸੈਣੀ ):-ਬਸਪਾ ਦੇ ਕੌਮੀ ਜਨਰਲ ਸਕੱਤਰ ਤੇ ਨਿਧੜਕ ਜਰਨੈਲ ਸਵਰਗਵਾਸੀ ਮਾਨ ਸਿੰਘ ਮਨਹੇੜਾ ਜੀ ਦਾ 65 ਵਾਂ ਜਨਮ ਦਿਵਸ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਖਾਨਪੁਰ ਵਿਖੇ ਮਾਸਟਰ ਨਛੱਤਰਪਾਲ ਸਿੰਘ ਤੇ ਹਰਨੇਕ ਸਿੰਘ ਦੇਵਪੁਰੀ ਦੀ ਅਗਵਾਈ ਵਿਚ ਸਮਾਗਮ ਕਰਕੇ ਮਨਾਇਆ ਗਿਆ। ਬਸਪਾ ਪੰਜਾਬ ਦੇ ਜਨਰਲ ਸਕੱਤਰ ਤੇ ਚੰਡੀਗੜ ਦੇ ਇੰਚਾਰਜ ਰਜਿੰਦਰ ਸਿੰਘ ਨਨਹੇੜੀਆਂ ਨੇ ਕਿਹਾ ਕੇ ਮਾਨ ਸਿੰਘ ਮਨਹੇੜਾ ਪੂਰੇ ਭਾਰਤ ਵਿੱਚੋਂ ਉਹ ਸ਼ਖਸ਼ੀਅਤ ਸਨ ਜਿਨਾਂ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਹਰਿਆਣਾ, ਹਿਮਾਚਲ ਪ੍ਰਦੇਸ ਤੇ ਜੰਮੂ ਕਸ਼ਮੀਰ ਵਿਖੇ ਪੈਦਲ ਤੇ ਹਵਾਈ ਜਹਾਜ਼ ਤੇ ਸਫਰ ਤੈਅ ਕਰਕੇ ਕੇ ਪਾਰਟੀ ਦਾ ਪ੍ਰਚਾਰ ਪ੍ਰਸਾਰ ਕੀਤਾ। ਉਨਾਂ ਕਿਹਾ ਕਿ ਉਹ ਸੱਚੇ ਸੁੱਚੇ ਤੇ ਗਰੀਬ ਲੋਕਾਂ ਦੀ ਬਾਂਹ ਫੜਨ ਵਾਲੇ ਨੇਤਾ ਸਨ ਉਨਾਂ ਨੇ ਅੰਤਾਂ ਦੀ ਗਰੀਬੀ ਵਿੱਚ ਵੀ ਅਮਲੋਹ ਤੇ ਵਿਧਾਨ ਸਭਾ ਖਰੜ ਤੋਂ ਚੋਣ ਲੜੀ ਤੇ ਉਨਾਂ ਨੂੰ ਪਈਆਂ ਵੋਟਾਂ ਦਾ ਰਿਕਾਰਡ ਅੱਜ ਤੱਕ ਵੀ ਪਾਰਟੀ ਦਾ ਕੋਈ ਲੀਡਰ ਤੋੜ ਨਹੀਂ ਸਕਿਆ। ਸਮਾਗਮ ਨੂੰ ਸੰਬੋਧਨ ਕਰਦਿਆ ਵੱਖ-ਵੱਖ ਬੁਲਾਰਿਆਂ ਵਲੋਂ ਮਾਨ ਸਿੰਘ ਮਨਹੇੜਾ ਦੇ ਜੀਵਨ ਤੇ ਚਾਨਣਾ ਪਾਇਆ। ਇਨਾਂ ਤੋਂ ਇਲਾਵਾ ਗੁਰਮੀਤ ਸਿੰਘ ਚੋਭਦਾਰ ਸਕੱਤਰ ਬਸਪਾ ਪੰਜਾਬ, ਸੁਖਦੇਵ ਸਿੰਘ ਚੱਪੜਚਿੜੀ, ਸੁਰਿੰਦਰ ਪਾਲ ਸਿੰਘ ਸਹੌੜਾਂ,ਹਰਨੇਕ ਸਿੰਘ ਐਸ.ਡੀ.ਓ., ਜਗਜੀਤ ਸਿੰਘ ਬਿੱਟੂ, ਰਾਜ ਸਿੰਘ ਮੋਹਾਲੀ, ਸਾਹਿਬ ਕਾਂਸ਼ੀ ਰਾਮ ਜੀ ਦੀ ਭੈਣ ਜੀ ਕੁਲਵੰਤ ਕੌਰ ਸੋਲਖੀਆਂ, ਉਜਾਗਰ ਸਿੰਘ ਦੁਬਾਲੀ, ਹਰਦੀਪ ਸਿੰਘ ਨੰਗਲਗੜੀਆ,ਸ੍ਰੀ ਲਾਲ ਚੰਦ, ਹਰਭਜਨ ਸਿੰਘ ਦੁਲਵਾਂ,ਰਾਜ ਸਿੰਘ ਖੇੜੀ, ਸੇਵਾ ਸਿੰਘ ਫਕੀਰ ਸਿੰਘ ਜਨਕ ਸਿੰਘ,ਨਰਿੰਦਰ ਸਿੰਘ ਬਡਵਾਲੀ, ਜਗਬੀਰ ਸਿੰਘ, ਜਗਦੇਵ ਸਿੰਘ ਪਵਾਰ,ਜਸਵਿੰਦਰ ਸਿੰਘ ਛਿੱਬਰ, ਦਰਸਨ ਸਿੰਘ, ਗੁਰਨਾਮ ਸਿੰਘ, ਕੈਪਟਨ ਕਰਮਜੀਤ ਸਿੰਘ ਲੋਹਾਰੀ, ਕੈਪਟਨ ਕੇਸਰ ਸਿੰਘ ਮਦਨਹੇੜੀ, ਕੁਲਦੀਪ ਸਿੰਘ ਪਪਰਾਲੀ ਆਦਿ ਆਗੂਆਂ ਨੇ ਵੀ ਮਾਨ ਸਿੰਘ ਮਨਹੇੜਾ ਦੇ ਜੀਵਨ ਤੇ ਚਾਨਣਾ ਪਾਇਆ। ਜਨਮ ਦਿਨ ਸਮਾਗਮ ਵਿਚ ਵੱਡੀ ਗਿਣਤੀ ਵਿਚ ਬਸਪਾ ਦੇ ਸਮਰੱਥਕਾਂ ਨੇ ਸ਼ਮੂਲੀਅਤ ਕੀਤੀ।

ਰੋਜ਼ਾਨਾ ਲੋਕ ਬਾਣੀ
www.lokbani

## ਬੇਗਰਜ਼ ਪਿਆਰ

ਐਰਿਖ ਫਰੌਮ (1900-1980) ਜਰਮਨ ਸਮਾਜਕ-ਮਨੋਵਿਗਿਆਨਕ, ਮਨੋਵਿਸ਼ਲੇਸ਼ਕ ਅਤੇ ਦਾਰਸ਼ਨਿਕ ਹੋ ਗੁਜ਼ਰਿਆ ਹੈ, ਜਿਸਨੇ ਪਿਆਰ ਦੀ ਪਰਿਭਾਸ਼ਾ ਦਿੰਦਿਆਂ ਇਹਨੂੰ ਗਰਜ਼ ਤੋਂ ਰਹਿਤ ਹੋਣਾ ਜ਼ਰੂਰੀ ਮੰਨਿਆ ਹੈ। ਇਹਦੀ ਵਿਆਖਿਆ ਕਰਦਿਆਂ ਉਹ ਦੱਸਦਾ ਹੈ ਕਿ ਅਸੀਂ ਆਪਣਾ ਸਮਾਂ ਅਤੇ ਸ਼ਕਤੀ ਉਨ੍ਹਾਂ ਗੱਲਾਂ ਵਿੱਚ ਲਾਈ ਜਾਂਦੇ ਹਾਂ ਜਿਸਦਾ ਕੋਈ ਮਕਸਦ ਦਿਸਦਾ ਹੋਵੇ, ਜਿਸਦੇ ਨਤੀਜੇ ਨਿਕਲਦੇ ਹੋਣ। ਤੇ ਜਦੋਂ ਅਸੀਂ ਸਭ ਕੁਝ ਕਰ-ਕਰਾ ਲੈਂਦੇ ਹਾਂ ਤਾਂ ਨਤੀਜੇ ਕੀ ਹੁੰਦੇ ਹਨ ? ਸ਼ਾਇਦ ਪੈਸਾ ਜਾਂ ਮਸ਼ਹੂਰੀ ਜਾਂ ਤਰੱਕੀ। ਅਸੀਂ ਕਦੇ ਹੀ ਸੋਚਦੇ ਹਾਂ ਕਿ ਕੋਈ ਐਸਾ ਕੰਮ ਵੀ ਕਰ ਲਿਆ ਜਾਵੇ ਜਿਸਦਾ ਕੋਈ ਮਕਸਦ ਨਾ ਹੋਵੇ। ਅਸੀਂ ਭੁੱਲ ਗਏ ਹਾਂ ਕਿ ਕੋਈ ਮਕਸਦ ਮਨ ਵਿੱਚ ਧਾਰਨ ਤੋਂ ਬਿਨਾਂ ਵੀ ਕੋਈ ਕੰਮ ਕੀਤਾ ਜਾ ਸਕਦਾ ਹੈ, ਕੀਤਾ ਜਾਣਾ ਚਾਹੀਦਾ ਹੈ ਤੇ ਇਸ ਵਿੱਚ ਆਨੰਦ ਆਉਂਦਾ ਹੈ। ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਇਹ ਵੀ ਹੈ ਕਿ ਆਪਣੀ ਸ਼ਕਤੀ ਕੋਈ ਟੀਚਾ ਸਰ ਕਰਨ ਲਈ ਨਹੀਂ, ਸਿਰਫ ਕਰਨ ਲਈ ਹੀ ਲਾਈ ਜਾਵੇ ! ਜਿਵੇ ਪਿਆਰ ਹੈ। ਪਿਆਰ ਦਾ ਕੋਈ ਮਕਸਦ ਨਹੀਂ ਹੁੰਦਾ। ਭਾਵੇਂ ਬਹੁਤ ਸਾਰੇ ਲੋਕ ਇਹੀ ਆਖਣਗੇ ਕਿ ਹੁੰਦਾ ਕਿਉਂ ਨਹੀਂ ? ਇਹਦੇ ਨਾਲ ਅਸੀਂ ਆਪਣੀਆਂ ਜਿਨਸੀ ਲੋੜਾਂ ਪੂਰੀਆਂ ਕਰਦੇ ਹਾਂ, ਵਿਆਹ ਕਰਵਾਉਂਦੇ ਹਾਂ, ਬੱਚੇ ਪੈਦਾ ਹੁੰਦੇ ਹਨ ਤੇ ਆਮ ਠੀਕ ਠਾਕ ਜ਼ਿੰਦਗੀ ਜਿਉਂਦੇ ਹਾਂ। ਇਹ ਹੈ ਪਿਆਰ ਦਾ ਮਕਸਦ ਤੇ ਇਸੇ ਕਰਕੇ ਅੱਜ ਪਿਆਰ ਬਹੁਤ ਘੱਟ ਨਜ਼ਰ ਆਉਂਦਾ ਹੈ। ਪਿਆਰ, ਜਿਸਦਾ ਕੋਈ ਨਿਸ਼ਾਨਾ ਨਾ ਹੋਵੇ, ਪਿਆਰ ਜੋ ਨਿਰਾ ਪਿਆਰ ਕਰਨ ਲਈ ਹੋਵੇ। ਇਸ ਤਰ੍ਹਾਂ ਦੇ ਪਿਆਰ ਵਿੱਚ ਇਨਸਾਨ ਇਨਸਾਨ ਹੁੰਦਾ ਹੈ ਨਾਕਿ ਉਪਭੋਗੀ। ਇਹੀ ਇਨਸਾਨੀ ਆਪਾ ਪ੍ਰਗਟਾਵਾ ਹੈ, ਜਿਸ ਵਿੱਚ ਸਾਡੀਆਂ ਸਾਰੀਆਂ ਇਨਸਾਨੀ ਕਾਬਲੀਅਤਾਂ ਪੂਰਨ ਰੂਪ ਵਿੱਚ ਉਜਾਗਰ ਹੁੰਦੀਆਂ ਹਨ।

**ਪ੍ਰੋ. ਨਵ ਸੰਗੀਤ ਸਿੰਘ**

# ਜ਼ਿਲ੍ਹਾ ਪੱਧਰੀ ਕੁਸ਼ਤੀ ਚੈਂਪੀਅਨਸ਼ਿੱਪ ਵਿਚ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਪਹਿਲਵਾਨ ਸਰਗੁਣ ਕੌਰ ਕੰਗ ਨੇ ਜਿੱਤਿਆ ਗੋਲਡ ਮੈਡਲ



ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ਮਨਪ੍ਰੀਤ ਵਾਸੂ) ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੀ ਵਿਦਿਆਰਥਣ ਸਰਗੁਣ ਕੌਰ ਕੰਗ ਵੱਲੋਂ ਜ਼ਿਲ੍ਹਾ ਕੁਸ਼ਤੀ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਜਿੱਤਣ ਦਾ ਸਮਾਚਾਰ ਹੈ । ਸਕੂਲ ਦੇ ਸਿੱਖਿਆ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਨੇ ਦੱਸਿਆ ਕਿ ਬੀਤੇ ਦਿਨੀ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਵਿਖੇ ਹੋਈ ਜ਼ਿਲ੍ਹਾ ਪੱਧਰੀ ਕੁਸ਼ਤੀ ਚੈਂਪੀਅਨਸ਼ਿਪ ਵਿਚੋਂ ਸਕੂਲ ਦੀ ਵਿਦਿਆਰਥਣ ਪਹਿਲਵਾਨ ਸਰਗੁਣ ਕੌਰ ਕੰਗ ਪੁੱਤਰੀ ਬਲਜੀਤ ਸਿੰਘ ਕੰਗ-ਰਮਨਦੀਪ ਕੌਰ ਕੰਗ ਨੇ ਅੰਡਰ 14 ਸਾਲ, 39 ਕਿਲੋਗ੍ਰਾਮ ਭਾਰ ਵਰਗ ਵਿਚ ਸ਼ਾਨਦਾਰ ਕੁਸ਼ਤੀ ਖੇਡ ਕੇ ਗੋਲਡ ਮੈਡਲ ਜਿੱਤਿਆ ਹੈ ਅਤੇ ਇਹ ਮੈਡਲ ਜਿੱਤਣ ਨਾਲ ਹੀ ਉਸ ਦੀ ਚੋਣ ਸੂਬਾ ਪੱਧਰੀ ਕੁਸ਼ਤੀ ਚੈਪੀਅਨਸ਼ਿਪ ਲਈ ਹੋ ਗਈ ਹੈ। ਇਸ ਸ਼ਾਨਦਾਰ ਪ੍ਰਾਪਤੀ ਨਾਲ ਜਿੱਥੇ ਪਹਿਲਵਾਨ ਸਰਗੁਣ ਕੌਰ ਕੰਗ ਨੇ ਆਪਣਾ ਨਾਮ ਰੋਸ਼ਨ ਕੀਤਾ ਹੈ ਉੱਥੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦਾ ਨਾਮ ਵੀ ਉੱਚਾ ਕੀਤਾ ਹੈ । ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਡਾ ਕੁਲਵਿੰਦਰ ਸਿੰਘ ਢਾਹਾਂ ਨੇ ਵੀ ਸਕੂਲ ਦੀ ਵਿਦਿਆਰਥਣ ਪਹਿਲਵਾਨ ਸਰਗੁਣ ਕੌਰ ਕੰਗ ਨੂੰ ਸ਼ਾਨਦਾਰ ਪ੍ਰਾਪਤੀ ਲਈ ਮੁਬਾਰਕਾਂ ਦਿੱਤੀਆਂ ਅਤੇ ਪੰਜਾਬ ਪੱਧਰੀ ਕੁਸ਼ਤੀ ਚੈਪੀਅਨਸ਼ਿਪ ਜਿੱਤਣ ਲਈ ਆਪਣੀਆਂ ਸ਼ੁਭ ਕਾਮਨਾਵਾਂ ਵੀ ਦਿੱਤੀਆਂ । ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਵਨੀਤਾ ਚੋਟ, ਮੈਡਮ ਜਸਵੀਰ ਕੌਰ ਡੀ. ਪੀ. ਈ., ਅਰਵਿੰਦਰ ਬਸਰਾ ਡੀ.ਪੀ. ਈ., ਮੈਡਮ ਕੋਮਲ ਡੀ.ਪੀ.ਈ. ਵੀ ਹਾਜ਼ਰ ਸਨ ।

ਰੋਜ਼ਾਨਾ ਲੋਕ ਬਾਣੀ
www.lokbani

# ਦੁਸਾਹਿਰਾ ਕਮੇਟੀ ਖਰੜ ਵਲੋਂ ਪੂਜਾ ਅਰਚਨਾ ਕਰਕੇ ਸੋਭਾ ਯਾਤਰਾ ਕੱਢੀ :ਕਮਲ ਕਿਸ਼ੋਰ ਸ਼ਰਮਾ



ਖਰੜ, ( ਕਾਲਾ ਸਿੰਘ ਸੈਣੀ )-ਦੁਸਾਹਿਰੇ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਦੁਸਾਹਿਰਾ ਕਮੇਟੀ ਖਰੜ ਵਲੋਂ ਪਰਸੂ ਰਾਮ ਭਵਨ ਤੋਂ ਸੋਭਾ ਯਾਤਰਾ ਦੇ ਰੂਪ 'ਚ ਹਨੂੰਮਾਨ ਜੀ ਦੀ ਝੰਡੀ ਕੱਢੀ ਗਈ। ਇਸ ਮੌਕੇ ਥਾਣਾ ਸਿਟੀ ਖਰੜ ਦੇ ਐਸ.ਐਚ.ਓ.ਪੈਰੀਵਿੰਕਲ ਸਿੰਘ ਗਰੇਵਾਲ ਨੇ ਵਿਸ਼ੇਸ ਤੌਰ 'ਤੇ ਸਿਰਕਤ ਕਰਕੇ ਹਾਜ਼ਰੀ ਲਗਵਾਈ। ਇਸ ਮੌਕੇ ਗੱਲਬਾਤ ਕਰਦਿਆਂ ਦੁਸਾਹਿਰਾ ਕਮੇਟੀ ਖਰੜ ਦੇ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ ਨੇ ਦੱਸਿਆ ਕਿ ਅੱਜ ਸ਼ਾਮ ਪਹਿਲਾ ਪੰਡਿਤ ਬੀਰਬਲ ਸ਼ਾਸਤਰੀ,ਪੰਡਿਤ ਹਰਮਨ,ਪੰਡਿਤ ਕੁਲਦੀਪ ਵਲੋਂ ਪੂਜਾ ਅਰਚਨਾ ਕੀਤੀ। ਉਨਾਂ ਦੱਸਿਆ ਕਿ ਪੁਰਾਤਨ ਰਿਤੀ ਰਿਵਾਜ਼ਾਂ ਅਨੁਸਾਰ ਹਨੂੰਮਾਨ ਜੀ ਦੀ ਝੰਡੀ ਸੋਭਾ ਯਾਤਰਾ ਕੱਢੀ ਗਈ ਜੋ ਪਰਸੂ ਰਾਮ ਭਵਨ ਤੋਂ ਆਰੰਭ ਹੋ ਕੇ ਖਰੜ ਸਹਿਰ ਦੇ ਵੱਖ ਵੱਖ ਬਜ਼ਾਰਾਂ, ਮੁਹੱਲਿਆਂ ਨੂੰ ਹੁੰਦੀ ਹੋਈ ਪਰਸੂ ਰਾਮ ਭਵਨ ਖਰੜ ਵਿਖੇ ਸਮਾਪਤ ਹੋਈ। ਉਨਾਂ ਦੱਸਿਆ ਕਿ ਝੰਡੀ ਕੱਢਣ ਦਾ ਮਹੱਤਵ ਅੱਜ ਤੋਂ ਕਮੇਟੀ ਵਲੋਂ ਦੁਸਾਹਿਰੇ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਪਰਮਿੰਦਰ ਸਿੰਘ ਲੌਂਗੀਆ,ਸੁਭਾਸ ਸ਼ਰਮਾ,ਅਨਮੋਲ ਸ਼ਰਮਾ,ਤਰਨਦੀਪ ਤਨੂੰ, ਅਨਿਲ ਪੁਰੀ, ਸੰਯਮ ਜੈਨ, ਅਰਮਾਨਦੀਪ,ਪਰਦੀਪ ਬਖਸ਼ੀ, ਪਰਦੀਪ ਕੁਮਾਰ ਬਿੱਟੂ,ਰਾਜੇਸ਼ ਕੋਸ਼ਿਕ, ਬੀਨੂੰ ਕੌਸ਼ਲ, ਕੁਨਾਲ ਸ਼ਰਮਾ, ਬਲਜੀਤ ਸਿੰਘ, ਗੁਰਮੁੱਖ ਸਿੰਘ ਮਾਨ, ਕਾਲਾ ਸਿੰਘ ਸੈਣੀ,ਪਰਮਜੀਤ ਸਿੰਘ ਸੈਣੀ ਸਮੇਤ ਕਮੇਟੀ ਦੇ ਅਹੁੱਦੇਦਾਰ,ਕਲਾਕਾਰ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਖ਼ਾਲਸਾ ਕਾਲਜ ਵਿਖੇ ਜਲਵਾਯੂ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ ਤੇ ਗੋਸ਼ਟੀ ਕਰਵਾਈ ਗਈ

ਅੰਮ੍ਰਿਤਸਰ, (ਲੋਕ ਬਾਣੀ)—ਖ਼ਾਲਸਾ ਕਾਲਜ ਵਿਖੇ ਅੱਜ ਉਚ ਪੱਧਰੀ ਮਾਹਿਰਾਂ ਦੀ ਟੀਮ ਨੇ 'ਜਲਵਾਯੂ ਚੁਣੌਤੀਆਂ : ਪ੍ਰਭਾਵ ਅਤੇ ਰੋਕਥਾਮ' ਵਿਸ਼ੇ 'ਤੇ ਸੈਮੀਨਾਰ ਅਤੇ ਵਿਚਾਰ ਗੋਸ਼ਟੀ 'ਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਮੂਹ ਭਾਈਚਾਰੇ ਅਤੇ ਸਰਕਾਰਾਂ ਨੂੰ ਇਕਜੁਟ ਹੋ ਕੇ ਦਿਨ-ਬ-ਦਿਨ ਵਿਗੜ ਰਹੇ ਵਾਤਾਵਰਣ ਨੂੰ ਸੰਭਾਲਣ ਸਬੰਧੀ ਹੰਭਲਾ ਮਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਜਲਦ ਤੋਂ ਜਲਦ 'ਜਲਵਾਯੂ ਕਾਰਜ ਯੋਜਨਾ' ਦੀ ਐਲਾਨ ਕੀਤਾ ਜਾਵੇ।

ਦਿਲਬੀਰ ਫਾਊਂਡੇਸ਼ਨ ਅਤੇ ਸੀ. ਆਈ. ਆਈ. ਦੇ ਸਹਿਯੋਗ ਨਾਲ ਕਾਲਜ ਵਿਖੇ ਕਰਵਾਏ ਗਏ ਇਸ ਤਰ੍ਹਾਂ ਦੇ ਪਹਿਲੇ ਸੈਮੀਨਾਰ 'ਚ ਗੈਰ-ਰਵਾਇਤੀ ਊਰਜਾ ਦੇ ਸਰੋਤਾਂ ਨੂੰ ਹਰ ਪੱਧਰ 'ਤੇ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਮਾਂ ਹੱਥਾਂ 'ਚੋਂ ਖਿਸਕ ਰਿਹਾ ਹੈ ਅਤੇ ਜੇਕਰ ਜਲਦ ਯੋਗ ਹੱਲ ਨਾ ਤਲਾਸ਼ੇ ਗਏ ਤਾਂ ਉਹ ਦਿਨ ਦੂਰ ਨਹੀਂ, ਜਦੋਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕੋਸਣਗੀਆਂ।

ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਅਤੇ ਫ਼ਾਊਂਡੇਸ਼ਨ ਦੇ ਚੇਅਰਮੈਨ ਸ: ਗੁਨਬੀਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਮੌਕੇ ਪੈਨਲ ਦੇ ਮੈਂਬਰਾਂ 'ਚ ਸਾਬਕਾ ਚੀਫ਼ ਸੈਕਟਰੀ ਪੰਜਾਬ ਅਤੇ ਚੇਅਰਮੈਨ ਪੀ. ਡਬਲਯੂ. ਆਰ. ਡੀ. ਏ. ਸ: ਕਰਨ ਅਵਤਾਰ ਸਿੰਘ, ਹਾਰਵਰਡ ਦੇ ਸਾਬਕਾ ਵਿਦਿਆਰਥੀ ਅਤੇ ਲੇਖਕ ਸ੍ਰੀ ਰਾਜਨ ਮਹਿਤਾ, ਖੇਤੀ ਅਰਥ ਸ਼ਾਸਤਰੀ ਡਾ. ਦਵਿੰਦਰ ਸ਼ਰਮਾ ਅਤੇ ਸਕੱਤਰ ਜਨਰਲ ਤੇ ਸੀ. ਈ. ਓ., ਡਬਲਯੂ. ਡਬਲਯੂ. ਐਫ਼.-ਇੰਡੀਆ ਸ੍ਰੀ ਰਵੀ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸ: ਗੁਨਬੀਰ ਸਿੰਘ ਨੇ ਕਿਹਾ ਕਿ ਜੇਕਰ ਅਸੀਂ ਹੁਣ ਜਲਵਾਯੂ ਪਰਿਵਰਤਨ ਸਬੰਧੀ ਮੁੱਦਿਆਂ ਬਾਰੇ ਕੁਝ ਨਹੀਂ ਕਰਾਂਗੇ ਤਾਂ ਜਲਦੀ ਹੀ ਅਸੀਂ ਖ਼ੁਦ ਨੂੰ ਇਹ ਮੌਕਾ ਗੁਆਉਣ 'ਤੇ ਪਛਤਾਵਾ ਮਹਿਸੂਸ ਕਰਾਂਗਾ। ਉਨ੍ਹਾਂ ਕਿਹਾ ਕਿ ਇਹ ਕਿੰਨਾ ਹੈਰਾਨੀਜਨਕ ਹੈ ਕਿ ਇਕ ਪਾਸੇ ਅਸੀਂ ਧਰਤੀ ਨੂੰ ਹੋਂਦ ਨੂੰ ਖਤਰੇ 'ਚ ਪਾ ਰਹੇ ਹਾਂ ਅਤੇ ਦੂਜੇ ਪਾਸੇ ਅਸੀਂ ਮੰਗਲ 'ਤੇ ਜੀਵਨ ਦੀਆਂ ਸੰਭਾਵਨਾਵਾਂ ਦੀ ਖੋਜ ਕਰ ਰਹੇ ਹਾਂ ਅਤੇ ਚੰਦਰਮਾ ਨੂੰ ਰਹਿਣਯੋਗ ਬਣਾ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਨ੍ਹਾਂ ਬੰਜਰ ਖੇਤਰਾਂ ਨੂੰ ਮਨੁੱਖਤਾ ਦੇ ਰਹਿਣ ਯੋਗ ਬਣਾਉਣ ਲਈ ਇਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਆਪਣੀ ਧਰਤੀ 'ਤੇ ਆਪਣੇ ਰਹਿਣ-ਸਹਿਨ ਦੇ ਢੰਗ ਨੂੰ ਸੁਧਾਰਨਾ ਚਾਹੀਦਾ ਹੈ। ਕਿਉਂਕਿ ਪੂਰੇ ਬ੍ਰਹਿਮੰਡ 'ਚ ਸਿਰਫ਼ ਧਰਤੀ ਕੋਲ ਹੀ ਜੀਵਨ ਨੂੰ ਕਾਇਮ ਰੱਖਣ ਦੀ ਯੋਗਤਾ ਹੈ।




ਸ: ਗੁਨਬੀਰ ਸਿੰਘ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਮਨੁੱਖ ਆਪਣੀ ਗਹਿਰੀ ਨੀਂਦ 'ਚੋਂ ਜਾਗੇ ਨਹੀਂ ਤਾਂ ਧਰਤੀ ਦਾ ਸਰਵਨਾਸ਼ ਸਪੱਸ਼ਟ ਸੰਕੇਤਾਂ ਜਿਵੇਂ ਕਿ ਸੜ ਰਹੇ ਜੰਗਲ, ਸਮੁੰਦਰਾਂ 'ਚ ਵੱਧ ਰਹੇ ਪਾਣੀ ਅਤੇ ਖ਼ਤਰਨਾਕ ਤੂਫ਼ਾਨਾਂ ਤੋਂ ਸਪੱਸ਼ਟ ਹੈ। ਉਨ੍ਹਾਂ ਕਿਹਾ ਕਿ ਸਾਡੀ ਧਰਤੀ ਸੰਕਟ 'ਚ ਹੈ ਅਤੇ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਬੁਰੇ ਕਰਮਾਂ ਦਾ ਨੁਕਸਾਨ ਝੱਲਣਾ ਪਵੇਗਾ।


ਇਸ ਮੌਕੇ ਸੀ. ਆਈ. ਆਈ. ਅੰਮ੍ਰਿਤਸਰ ਜ਼ੋਨ ਦੇ ਚੇਅਰਮੈਨ ਸ੍ਰੀ ਨਵਨੀਤ ਮਿੱਤਰ ਕਿਹਾ ਕਿ ਸਮੇਂ ਦੀ ਜ਼ਰੂਰਤ ਮੁਤਾਬਕ ਹੁਣ ਲੋਕਾਂ ਨੂੰ ਆਪਣੀ ਧਰਤੀ ਬਚਾਉਣ ਲਈ ਲਾਮਬੰਦ ਕਰਨ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਮਕਸਦ ਜਲਵਾਯੂ ਬਦਲਾਅ ਸਬੰਧੀ ਅਤੇ ਆਪਣੀ ਧਰਤੀ ਨੂੰ ਬਚਾਉਣ ਲਈ ਤੱਤਪਰ ਰਹਿਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਜੀਵਨ ਨੂੰ ਬਚਾਉਣ ਲਈ ਆਪਣੀ ਜੀਵਨਸ਼ੈਲੀ ਨੂੰ ਬਦਲਣ ਦੀ ਲੋੜ ਹੈ।

ਇਸ ਦੌਰਾਨ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਪੰਜਾਬ ਭਰ ਦੇ ਨਾਗਰਿਕਾਂ ਨੂੰ ਹੋਕਾ ਦਿੰਦਿਆਂ ਜਲਵਾਯੂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਭਵਿੱਖ 'ਚ ਸਾਫ਼ ਤੇ ਸ਼ੁੱਧ ਵਾਤਾਵਰਣ ਸਬੰਧੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਲਵਾਯੂ ਚੁਣੌਤੀ ਬਾਰੇ ਸਿੱਖਿਅਤ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਵਿੱਖ 'ਚ ਕਿਸਾਨ ਦੇ ਫ਼ਸਲ ਉਗਾਉਣ ਤੋਂ ਲੈ ਕੇ ਸਾਡੀ ਜ਼ਿੰਦਗੀ ਜਿਉਣ ਦੇ ਢੰਗ ਆਦਿ ਸਭ ਕੁਝ ਅੱਜ ਸਾਡੇ ਦੁਆਰਾ ਕੀਤੀਆਂ ਤਬਦੀਲੀਆਂ 'ਤੇ ਨਿਰਭਰ ਕਰੇਗਾ।

ਇਸ ਮੌਕੇ ਸ੍ਰੀ ਕਰਨ ਅਵਤਾਰ ਨੇ ਕਿਹਾ ਕਿ ਰਣਨੀਤੀਆਂ ਨੂੰ ਤਿਆਰ ਕਰਨ ਲਈ ਭਾਈਚਾਰਕ ਭਾਗੀਦਾਰੀ ਸਭ ਤੋਂ ਪ੍ਰਮੁੱਖ ਹੈ ਅਤੇ ਸਾਨੂੰ ਕੰਮ ਕਰਨ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਜ਼ਰੂਰਤ ਹੈ। ਡਾ. ਸ਼ਰਮਾ, ਰਵੀ ਸਿੰਘ ਨੇ ਕਿਹਾ ਕਿ ਧਰਤੀ ਨੂੰ ਬਚਾਉਣ ਲਈ ਊਰਜਾ ਨੂੰ ਸੰਚਾਰਿਤ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਲਾਜ਼ਮੀ ਹੈ। ਸ੍ਰੀ ਮਹਿਤਾ ਨੇ ਕਿਹਾ ਕਿ ਪੰਜਾਬ ਨੂੰ ਵਾਤਾਵਰਨ ਸੁਰੱਖਿਆ ਸਬੰਧੀ ਵਿਸ਼ਵ ਭਰ ਦੀਆਂ ਵੱਖ-ਵੱਖ ਉਦਾਹਰਣਾਂ ਦਾ ਅਧਿਐਨ ਕਰਨ ਦੀ ਲੋੜ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਕਾਨਪੁਰ ਚ ਕੇਸਰ ਪਾਨ ਮਸਾਲਾ ਦੇ ਮਾਲਕ ਦੀ ਪਤਨੀ ਦੇ ਅੰਤਿਮ ਸੰਸਕਾਰ ਲਈ ਭੀੜ ਇਕੱਠੀ ਹੋਈ।



ਕਾਨਪੁਰ (ਸੁਨੀਲ ਬਾਜਪਾਈ) ਕਾਰ ਪਲਟਣ ਕਾਰਨ ਮਾਰੇ ਗਏ ਕੇਸਰ ਪਾਨ ਮਸਾਲਾ ਦੇ ਮਾਲਕ ਦੀ ਪਤਨੀ ਦਾ ਸ਼ਨੀਵਾਰ ਨੂੰ ਇੱਥੇ ਭੈਰਵ ਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਇਸ ਦੌਰਾਨ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਕਾਰੋਬਾਰੀਆਂ ਸਮੇਤ ਭਾਰੀ ਭੀੜ ਇਕੱਠੀ ਹੋਈ।

ਦੱਸ ਦੇਈਏ ਕਿ ਮੈਨਪੁਰੀ ਵਿੱਚ ਕੇਸਰ ਪਾਨ ਮਸਾਲਾ ਕੰਪਨੀ ਦੇ ਮਾਲਕ ਦੀ ਪਤਨੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਸਮੇਂ ਕਾਨਪੁਰ ਦੇ ਤਿੰਨ ਕਾਰੋਬਾਰੀਆਂ ਦਾ ਪਰਿਵਾਰ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਕਾਨਪੁਰ ਤੋਂ ਤਿੰਨ ਗੱਡੀਆਂ ਵਿੱਚ ਆਗਰਾ ਜਾ ਰਿਹਾ ਸੀ। ਫਿਰ ਆਗਰਾ-ਲਖਨਊ ਐਕਸਪ੍ਰੈਸ ਵੇਅ ਤੇ ਮੀਂਹ ਦੇ ਦੌਰਾਨ ਕਾਰਨੀਵਲ ਲਿਮੋਜ਼ਿਨ ਦਾ ਟਾਇਰ ਫਟਣ ਤੋਂ ਬਾਅਦ ਟੋਏ ਚ ਡਿੱਗ ਗਿਆ ਅਤੇ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ। ਸਿੱਟੇ ਵਜੋਂ ਮਸਾਲਾ ਕਾਰੋਬਾਰੀ ਹਰੀਸ਼ ਮਖੀਜਾ ਦੀ ਪਤਨੀ ਪ੍ਰੀਤੀ, ਸ਼ਰਾਬ ਕਾਰੋਬਾਰੀ ਤਿਲਕ ਰਾਜ ਸ਼ਰਮਾ ਪਤਨੀ ਦੀਪਤੀ ਕੋਠਾਰੀ ਦੀ ਪਤਨੀ ਦੀਪਤੀ ਕੋਠਾਰੀ ਅਤੇ ਡਰਾਈਵਰ ਜ਼ਖ਼ਮੀ ਹੋ ਗਏ। ਸਾਥੀ ਕਾਰੋਬਾਰੀਆਂ ਨੇ ਜ਼ਖ਼ਮੀਆਂ ਨੂੰ ਸੈਫ਼ਈ ਮੈਡੀਕਲ ਕਾਲਜ ਵਿੱਚ ਦਾਖ਼ਲ ਕਰਵਾਇਆ ਸੀ। ਜਿੱਥੇ ਇਲਾਜ ਦੌਰਾਨ ਪ੍ਰੀਤੀ ਮਖੀਜਾ ਦੀ ਮੌਤ ਹੋ ਗਈ। ਦੀਪਤੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਬਾਕੀਆਂ ਦਾ ਇਲਾਜ ਚੱਲ ਰਿਹਾ ਹੈ। ਇਹ ਭਿਆਨਕ ਹਾਦਸਾ ਆਗਰਾ-ਲਖਨਊ ਐਕਸਪ੍ਰੈਸ ਵੇਅ ਤੇ ਬੀਤੀ ਸ਼ੁੱਕਰਵਾਰ ਰਾਤ ਵਾਪਰਿਆ। ਉਸ ਸਮੇਂ ਕਾਰ ਵਿੱਚ ਲੱਗੇ ਛੇ ਏਅਰਬੈਗ ਵਿੱਚੋਂ ਇੱਕ ਵੀ ਨਹੀਂ ਖੁੱਲ੍ਹਿਆ ਸੀ। ਇਸ ਦੇ ਨਾਲ ਹੀ ਅੱਜ ਸ਼ਨੀਵਾਰ ਨੂੰ ਵਪਾਰੀ ਦੀ ਪਤਨੀ ਦੀ ਅੰਤਿਮ ਯਾਤਰਾ ਲਈ ਸੈਂਕੜੇ ਲੋਕ ਇਕੱਠੇ ਹੋਏ। ਉਨ੍ਹਾਂ ਦਾ ਅੰਤਿਮ ਸੰਸਕਾਰ ਭੈਰਵ ਘਾਟ ਵਿਖੇ ਕੀਤਾ ਗਿਆ।

ਰੋਜ਼ਾਨਾ ਲੋਕ ਬਾਣੀ
www.lokbani

# ਜ਼ਿਲਾ ਟ੍ਰੈਫਿਕ ਪੁਲਿਸ ਐਜੂਕੇਸ਼ਨ ਸੈੱਲ ਨੇ ਦਿੱਤੀ ਟੈਕਸੀ ਡਰਾਈਵਰਾ ਨੂੰ ਟ੍ਰੈਫਿਕ ਨਿਯਮਾ ਦੀ ਜਾਣਕਾਰੀ

ਗੁਰਦਾਸਪੁਰ-ਨਵਨੀਤ ਕੁਮਾਰ –
ਜ਼ਿਲ੍ਹਾ ਟ੍ਰੈਫਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਅੱਜ ਧੰਨ ਧੰਨ ਬਾਬਾ ਸ਼੍ਰੀ ਚੰਦ ਮਿਨੀ ਟਰਾਂਸਪੋਰਟ ਯੂਨੀਅਨ ਕਲਾਨੌਰ ਰੋਡ ਗੁਰਦਾਸਪੁਰ ਚ ਪ੍ਰਧਾਨ ਮੋਹਨ ਸਿੰਘ ਜੀ ਦੇ ਸਹਿਯੋਗ ਨਾਲ ਟੈਕਸੀ ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਟ੍ਰੈਫਿਕ ਐਜੂਕੇਸ਼ਨ ਸੈੱਲ ਗੁਰਦਾਸਪੁਰ ਵਲੋਂ ਇੰਚਾਰਜ ਏ ਐਸ ਆਈ ਜਸਵਿੰਦਰ ਸਿੰਘ ਅਤੇ ਏ ਐਸ ਆਈ ਸੁਭਾਸ਼ ਚੰਦਰ ਅਤੇ ਏ ਐਸ ਆਈ ਅਮਨਦੀਪ ਸਿੰਘ ਸ਼ਾਮਿਲ ਸੀ। ਸੈਮੀਨਾਰ ਵਿੱਚ ਟੈਕਸੀ ਡਰਾਈਵਰਾਂ,ਮਿਨੀ ਕੈਰੀਅਰ,ਆਟੋ ਚਾਲਕਾਂ ਨੂੰ ਦਸਿਆ ਕਿ ਅਪਣੇ ਵਾਹਨ ਤੇ ਜਿਆਦਾ ਓਵਰਲੋਡਿੰਗ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਐਕਸੀਡੈਂਟ ਦਾ ਕਾਰਨ ਬਣ ਸਕਦੀ ਹੈ ਅਤੇ ਡਰਾਈਵਿੰਗ ਕਰਦੇ ਸਮੇਂ ਸੀਟ ਬੈਲਟ ਲਗਾ ਕੇ ਰੱਖਣੀ ਚਾਹੀਦੀ ਹੈ। ਅਤੇ ਸਾਊਂਡ ਪ੍ਰਦੂਸ਼ਣ
ਬਾਰੇ ਜਾਗਰੂਕ ਕਰਵਾਇਆ ਕਿ ਵਾਹਨ ਚਲਾਉਂਦੇ ਵਕਤ ਉੱਚੀ ਆਵਾਜ਼ ਚ ਗਾਣੇ



ਨਹੀਂ ਚਲਾਉਣੇ ਚਾਹੀਦੇ। ਨਸ਼ਾ ਕਰਕੇ ਵਾਹਨ ਨਹੀਂ ਚਲਾਉਣਾ ਚਾਹਿਦਾ ਅਤੇ ਡਰਾਈਵਿੰਗ ਕਰਦੇ ਸਮੇਂ ਮੋਬਾਈਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ।ਸੈਮੀਨਾਰ ਵਿੱਚ 18 ਸਾਲ ਤੋਂ ਘੱਟ ਸਾਲ ਦੇ ਬੱਚਿਆਂ ਨੂੰ ਡਰਾਈਵਿੰਗ ਨਾ ਕਰਨ ਸੰਬੰਧੀ ਦਸਿਆ ਗਿਆ ਅਤੇ ਉਨ੍ਹਾਂ ਨੂੰ ਹੋਣ ਵਾਲੇ ਜੁਰਮਾਨੇ ਬਾਰੇ ਜਾਗਰੂਕ ਕਰਵਾਇਆ ਗਿਆ। ਸੈਮੀਨਾਰ ਵਿੱਚ ਟੈਕਸੀ ਡਰਾਈਵਰ ਸੁਨੀਲ ਕੁਮਾਰ,ਰਵੀ ਕੁਮਾਰ,ਕਰਨ ਚੰਦ,ਦੀਪਕ ਕੁਮਾਰ,ਰਿਕੂ, ਸੋਨੀ ਬੈਂਸ,ਸੁਰੇਸ਼ ਕੁਮਾਰ ਆਦਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦਾ ਪ੍ਰਣ ਲਿਆ ਅਤੇ ਆਏ ਹੋਏ ਟ੍ਰੈਫਿਕ ਕਰਮਚਾਰੀਆ ਦਾ ਧੰਨਵਾਦ ਕੀਤਾ।

ਰੋਜ਼ਾਨਾ ਲੋਕ ਬਾਣੀ
www.lokbani

# ਖ਼ਾਲਸਾ ਕਾਲਜ ਵੂਮੈਨ ਨੇ ਸਵੱਛ ਭਾਰਤ ਮਿਸ਼ਨ 'ਚ ਦੂਜਾ ਸਥਾਨ ਪ੍ਰਾਪਤ ਕੀਤਾ



ਅੰਮ੍ਰਿਤਸਰ, (ਲੋਕ ਬਾਣੀ))–ਖ਼ਾਲਸਾ ਕਾਲਜ ਫ਼ਾਰ ਵੂਮੈਨ ਨੇ ਨਗਰ ਨਿਗਮ ਅਧੀਨ ਚੱਲ ਰਹੇ ਸਵੱਛ ਭਾਰਤ ਮਿਸ਼ਨ 'ਚੋਂ ਯੂਨੀਵਰਸਿਟੀ, ਕਾਲਜ ਵਰਗ 'ਚ ਦੂਜਾ ਇਨਾਮ ਪ੍ਰਾਪਤ ਕੀਤਾ ਹੈ।
ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਇਹ ਪੁਰਸਕਾਰ ਸਾਡੀ ਸੰਸਥਾ ਦੇ ਸ਼ਹਿਰੀ ਸਵੱਛਤਾ ਅਤੇ ਵਾਤਾਵਰਣ ਦੀ ਸਥਿਰਤਾ ਪ੍ਰਤੀ ਸਮਰਪਣ ਨੂੰ ਮਾਨਤਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਇੱਕ ਸਵੱਛ ਅਤੇ ਹਰਿਆ ਭਰਿਆ ਕੈਂਪਸ ਬਣਾਈ ਰੱਖਣ ਤੇ ਸ਼ਹਿਰ-ਵਿਆਪੀ ਸਫ਼ਾਈ ਪਹਿਲਕਦਮੀਆਂ 'ਚ ਸਰਗਰਮੀ ਨਾਲ ਹਿੱਸਾ ਲੈਣ ਲਈ ਕਾਲਜ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਉਕਤ ਸਥਾਨ ਪ੍ਰਾਪਤ ਕਰਨ 'ਤੇ ਖ਼ੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਸਮਾਜ ਲਈ ਇਕ ਸਾਫ਼, ਸਿਹਤਮੰਦ ਵਾਤਾਵਰਣ ਸਬੰਧੀ ਯੋਗਦਾਨ ਪਾਉਣ ਲਈ ਹਮੇਸ਼ਾਂ ਤੱਤਪਰ ਰਹਿਣਗੇ।

ਰੋਜ਼ਾਨਾ ਲੋਕ ਬਾਣੀ
www.lokbani

# ਮਾਲੇਰਕੋਟਲਾ ਜ਼ਿਲ੍ਹੇ ਚ ਲੱਗੀ ਕੌਮੀ ਲੋਕ ਅਦਾਲਤ




ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼) ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਪਰਸਨ ਕਮ ਜ਼ਿਲ੍ਹਾ ਅਤੇ ਸੈਸ਼ਨ ਜੱਜ- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਸ੍ਰੀ ਮੁਨੀਸ਼ ਸਿੰਗਲ ਅਤੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦਲਜੀਤ ਕੌਰ ਦੀ ਰਹਿਨੁਮਾਈ ਹੇਠ ਸਬ ਡਵੀਜਨ ਮਾਲੇਰਕੋਟਲਾ ਅਧੀਨ ਸਮੂਹ ਨਿਆਇਕ ਅਦਾਲਤ ਅਤੇ ਸਮੂਹ ਤਹਿਸੀਲ ਦਫ਼ਤਰਾਂ ਵਿਖੇ ਵੀ ਆਮ ਜਨਤਾ ਦੀ ਸਹੂਲਤ ਲਈ ਅੱਜ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਗੈਰ ਰਾਜ਼ੀਨਾਮਾ ਯੋਗ ਫੌਜਦਾਰੀ ਕੇਸ਼ਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਦੀਵਾਨੀ ਅਤੇ ਮਾਲ(ਰੈਵਨਿਊ)ਕੇਸ ਲਏ ਗਏ ।ਕੌਮੀ ਲੋਕ ਅਦਾਲਤ ਅਧੀਨ ਚਾਰ ਬੈਂਚ ਕੋਰਟ ਕੰਪਲੈਕਸ ਵਿਖੇ ਸਿਵਲ ਜੱਜ ਸੀਨੀਅਰ ਡਵੀਜ਼ਨ ਸ੍ਰੀਮਤੀ ਰੂਪਾ ਧਾਲੀਵਾਲ, ਸਿਵਲ ਜੱਜ ਜੂਨੀਅਰ ਡਵੀਜ਼ਨ ਸ੍ਰੀ ਵਿਸਵ ਗੁਪਤਾ, ਸਿਵਲ ਜੱਜ ਜੂਨੀਅਰ ਡਵੀਜਨ ਅਕਿਤਾ ਲੂੰਬਾ, ਅਤੇ ਸਿਵਲ ਜੱਜ ਜੂਨੀਅਰ ਡਵੀਜਨ ਸ੍ਰੀ ਜਿੰਦਰਪਾਲ ਸਿੰਘ ਅਧੀਨ 890 ਕੇਸ ਰੱਖੇ ਗਏ ਜਿਨ੍ਹਾਂ ਵਿੱਚੋਂ 457 ਕੇਸਾਂ ਦਾ ਨਿਪਟਾਰਾਂ ਕੀਤਾ ਗਿਆ ਅਤੇ ਕਰੀਬ 07 ਕਰੋੜ 83 ਲੱਖ 90 ਹਜਾਰ 517 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸੇ ਤਰ੍ਹਾਂ ਤਹਿਸੀਲ ਪੱਧਰ ਦੇ ਸਥਾਪਿਤ ਲੋਕ ਅਦਾਲਤਾ ਦੌਰਾਨ 4446 ਕੇਸਾਂ ਦਾ ਨਿਪਟਾਰਾ ਕੀਤਾ ਗਿਆ । ਇਸ ਗੱਲ ਦੀ ਜਾਣਕਾਰੀ ਸਿਵਲ ਜੱਜ ਸੀਨੀਅਰ ਡਵੀਜ਼ਨ ਸ੍ਰੀਮਤੀ ਰੂਪਾ ਧਾਲੀਵਾਲ ਨੇ ਦਿੱਤੀ ।ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਸ੍ਰੀਮਤੀ ਰੂਪਾ ਧਾਲੀਵਾਲ ਨੇ ਦੱਸਿਆ ਕਿ ਲੋਕ ਅਦਾਲਤਾਂ ਦੇ ਨਾਲ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲਦੀ ਹੈ ਉੱਥੇ ਉਹਨਾਂ ਲੋਕਾ ਦੇ ਸਮਾਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਲੋਕ ਅਦਾਲਤ ਦੁਆਰਾ ਦੋਨੋ ਪਾਰਟੀਆਂ ਵਿੱਚ ਆਪਸੀ ਦੁਸ਼ਮਣੀ ਖਤਮ ਹੋ ਜਾਂਦੀ ਹੈ ਅਤੇ ਭਾਈਚਾਰਾ ਵੱਧਦਾ ਹੈ। ਲੋਕ ਅਦਾਲਤ ਵਿੱਚ ਫੈਸਲਾਂ ਹੋਣ ਤੋਂ ਬਾਅਦ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ। ਇਸਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਣਤਾ ਪ੍ਰਾਪਤ ਹੈ। ਇਸ ਦੇ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੋ ਸਕਦੀ। ਉਹਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਕੇਸਾਂ ਦਾ ਲੋਕ ਅਦਾਲਤ ਵਿੱਚ ਫੈਸਲਾ ਕਰਾ ਕੇ ਵੱਧ ਤੋਂ ਵੱਧ ਲਾਭ ਉਠਾਓ।

ਰੋਜ਼ਾਨਾ ਲੋਕ ਬਾਣੀ
www.lokbani

# ਮਨੀ ਲੌਂਗੀਆ ਵੱਲੋਂ ਰਾਜ ਵਹੀਕਲ ਰੋਪੜ ਵਿਖੇ ਲਾਂਚ ਕੀਤੀ ਗਈ Mahindra Thar Roxx!!

(ਲੋਕ ਬਾਣੀ) ਮਹਿੰਦਰਾ ਰਾਜ ਮੋਟਰਜ਼ – SUV ਅਤੇ ਕਮਰਸ਼ੀਅਲ ਵਹੀਕਲ ਸ਼ੋਅਰੂਮ, ਰੋਪੜ ਵਿੱਚ ਸ਼ਾਨਦਾਰ ਪ੍ਰਵੇਸ਼ ਕੀਤਾ, ਜਿਸ ਵਿੱਚ ਬਹੁ-ਉਡੀਕੀ ਮਹਿੰਦਰਾ ਥਾਰ ਰੌਕਸ, ਆਈਕੋਨਿਕ ਥਾਰ ਦੇ 5-ਦਰਵਾਜ਼ੇ ਵਾਲੇ ਸੰਸਕਰਣ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਸੀਈਓ ਵਿਕਰਮਜੀਤ ਸਿੰਘ ਮੋਹਾਲੀ ਅਤੇ ਪਟਿਆਲਾ, ਮੈਨੇਜਿੰਗ ਡਾਇਰੈਕਟਰ ਸ਼੍ਰੀ ਰਾਜਵਿੰਦਰ ਸਿੰਘ, ਅਤੇ ਜਸਕਰਨ ਸਿੰਘ ਨੇ ਸਾਡੇ ਰੋਪੜ ਸ਼ੋਅਰੂਮ ਸਮਾਗਮ ਦੀ ਮੇਜ਼ਬਾਨੀ ਕੀਤੀ। ਇਸ ਤੋਂ ਇਲਾਵਾ, ਪੰਜਾਬੀ ਕਲਾਕਾਰ ਮਨੀ ਲੌਂਗੀਆ ਨੇ ਮਹਿੰਦਰਾ ਥਾਰ ਰੌਕਸ ਲਾਂਚ ਈਵੈਂਟ ਵਿੱਚ ਸ਼ਿਰਕਤ ਕੀਤੀ।



ਮਹਿੰਦਰਾ ਥਾਰ ਰੌਕਸ, 12.99 – 20.49 ਲੱਖ ਦੇ ਵਿਚਕਾਰ ਦੀ ਕੀਮਤ, 1997 ** ਅਤੇ 2184 ** ਦੇ ਇੰਜਣ ਵਿਕਲਪਾਂ ਦੇ ਨਾਲ, ਪੈਟਰੋਲ ਅਤੇ ਡੀਜ਼ਲ ਦੋਵਾਂ ਰੂਪਾਂ ਵਿੱਚ ਉਪਲਬਧ ਹੈ। ਇਹ ਮੈਨੂਅਲ ਅਤੇ ਆਟੋਮੈਟਿਕ ("3) ਟ੍ਰਾਂਸਮਿਸ਼ਨ ਦੀ ਪੇਸ਼ਕਸ਼ ਕਰਦਾ ਹੈ, ਡਰਾਈਵਿੰਗ ਤਰਜੀਹਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਪੂਰਾ ਕਰਦਾ ਹੈ। ਥਾਰ ਰੌਕਸ 12.4 – 15.2 km/ਾ ਦੀ ਮਾਈਲੇਜ ਅਤੇ 5 ਲੋਕਾਂ ਦੇ ਬੈਠਣ ਦੀ ਸਮਰੱਥਾ ਦਾ ਮਾਣ ਰੱਖਦਾ ਹੈ, ਇਸ ਨੂੰ ਸਾਹਸ ਦੇ ਉਤਸ਼ਾਹੀ ਅਤੇ ਪਰਿਵਾਰਾਂ ਦੋਵਾਂ ਲਈ ਇੱਕ ਬਹੁਮੁਖੀ ਵਿਕਲਪ ਬਣਾਉਂਦਾ ਹੈ। 4428 ** * ⊘ 1870 ** ⇨ ⊘ 1923 ** 8 ਦੇ ਮਾਪ ਅਤੇ 57 ਲੀਟਰ ਦੀ ਬਾਲਣ ਟੈਂਕ ਸਮਰੱਥਾ ਦੇ ਨਾਲ, ਇਹ ਆਰਾਮ ਅਤੇ ਲੰਬੇ ਸਫ਼ਰ ਦੋਵਾਂ ਲਈ ਤਿਆਰ ਕੀਤਾ ਗਿਆ ਹੈ। ਵਾਹਨ ਲਈ ਉਡੀਕ ਸਮਾਂ 4 ਤੋਂ 6 ਹਫ਼ਤਿਆਂ ਦੇ ਵਿਚਕਾਰ ਹੁੰਦਾ ਹੈ, ਜੋ ਇਸਦੀ ਉੱਚ ਮੰਗ ਨੂੰ ਦਰਸਾਉਂਦਾ ਹੈ।
ਮਨੀ ਲੌਂਗੀਆ ਇੱਕ ਆਟੋਮੋਬਾਈਲ ਉਤਸ਼ਾਹੀ, ਨੇ ਲਾਂਚ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ ਕਿਹਾ, ਮੈਨੂੰ ਕਾਰਾਂ ਅਤੇ ਬਾਈਕ ਚਲਾਉਣ ਦਾ ਹਮੇਸ਼ਾ ਜਨੂੰਨ ਰਿਹਾ ਹੈ, ਅਤੇ ਮਹਿੰਦਰਾ ਥਾਰ ਰੌਕਸ ਅਸਲ ਵਿੱਚ ਆਪਣੇ ਬੇਮਿਸਾਲ ਡਿਜ਼ਾਈਨ ਅਤੇ ਪ੍ਰਦਰਸ਼ਨ ਨਾਲ ਵੱਖਰਾ ਹੈ। ਇਹ ਇੱਕ ਅਜਿਹਾ ਵਾਹਨ ਹੈ ਜੋ ਐਡਵੈਂਚਰ ਅਤੇ ਖੁੱਲ੍ਹੀ ਸੜਕ ਲਈ ਮੇਰੇ ਪਿਆਰ ਨੂੰ ਪੂਰੀ ਤਰ੍ਹਾਂ ਨਾਲ ਪੂਰਾ ਕਰਦਾ ਹੈ।
ਮਹਿੰਦਰਾ ਥਾਰ ਰੌਕਸ ਲਈ ਟੈਸਟ ਡਰਾਈਵ 14 ਸਤੰਬਰ ਨੂੰ ਸ਼ੁਰੂ ਹੋਵੇਗੀ, ਬੁਕਿੰਗ 3 ਅਕਤੂਬਰ ਨੂੰ ਹੋਵੇਗੀ। ਇਹ ਇਵੈਂਟ ਮਹਿੰਦਰਾ ਰਾਜ ਵਹੀਕਲਜ਼ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਕਿਉਂਕਿ ਉਹ ਰੋਪੜ ਅਤੇ ਇਸ ਤੋਂ ਬਾਹਰ ਦੇ ਆਪਣੇ ਗਾਹਕਾਂ ਲਈ ਆਧੁਨਿਕ ਵਾਹਨ ਲੈ ਕੇ ਆਉਂਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਮੁਸਲਿਮ ਟਾਈਗਰ ਫੋਰਸ ਪੰਜਾਬ ਵੱਲੋਂ ਚੌਹਾਨਕੇ ਕਲਾਂ ਦੀ ਮਸਜਿਦ ਨੂੰ 21 ਹਜਾਰ ਰੁਪਏ ਔਨਲਾਈਨ ਸਹਾਇਤਾ



ਮਹਿਲ ਕਲਾਂ (ਲੋਕ ਬਾਣੀ) ਮੁਸਲਿਮ ਟਾਈਗਰ ਫੋਰਸ ਦਾ ਇੱਕ ਵਫਦ ਜਿਸ ਵਿੱਚ ਸੂਬਾ ਚੇਅਰਮੈਨ ਅਦਨਾਨ ਅਲੀ ਖਾਨ ਪਟਿਆਲਾ, ਸੂਬਾ ਵਾਈਸ ਚੇਅਰਮੈਨ ਰਿਆਜ ਖਾਨ ਸੰਗਰੂਰ, ਸੂਬਾ ਜਨਰਲ ਸਕੱਤਰ ਅਰਫਾਨ ਖਾਨ ਮਲੇਰਕੋਟਲਾ, ਜਿਲਾ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਸਲੀਮ ਖਾਨ ਗੰਡੂਆਂ, ਸੂਬਾ ਆਗੂ ਮੁਹੰਮਦ ਉਵੈਦ ਮਲੇਰਕੋਟਲਾ, ਜਿਲਾ ਬਰਨਾਲਾ ਤੋਂ ਸੂਬਾ ਵਿੱਤ ਸਕੱਤਰ ਇਕਬਾਲਦੀਨ ਬਾਠਾਂ, ਸੂਬਾ ਪ੍ਰੈਸ ਮੀਡੀਆ ਇੰਚਾਰਜ ਡਾਕਟਰ ਮਿੱਠੂ ਮੁਹੰਮਦ ਮਹਿਲ ਕਲਾਂ, ਜਿਲਾ ਬਰਨਾਲਾ ਦੇ ਪਿੰਡ ਚੌਹਾਨਕੇ ਕਲਾਂ ਪਹੁੰਚੇ। ਸੂਬਾ ਚੇਅਰਮੈਨ ਅਦਨਾਨ ਅਲੀ ਖਾਨ ਪਟਿਆਲਾ ਅਤੇ ਸੂਬਾ ਵਾਈਸ ਚੇਅਰਮੈਨ ਡਾਕਟਰ ਰਿਆਜ ਖਾਨ ਸੰਗਰੂਰ ਨੇ ਇਕੱਤਰ ਹੋਏ ਮੁਸਲਿਮ ਭਾਈਚਾਰੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਸਮੇਂ ਵਿੱਚ ਜੋ ਵੀ ਮਸਜਿਦ ਸਬੰਧੀ ਕਮੀਆਂ ਪੇਸ਼ੀਆਂ ਰਹਿ ਗਈਆਂ ਸਨ, ਉਹਨਾਂ ਨੂੰ ਮਿਲ ਬੈਠ ਕੇ ਮੁਸਲਿਮ ਟਾਈਗਰ ਫੋਰਸ ਪੰਜਾਬ ਦੇ ਮੁੱਖ ਬੁਲਾਰੇ ਮੁਹੰਮਦ ਹਮੀਦ ਚੌਹਾਨਕੇ ਕਲਾਂ,ਮੁਹੰਮਦ ਹੰਸਾਂ ਖਾਨ ਬਰਨਾਲਾ ਅਤੇ ਵੱਖ-ਵੱਖ ਆਗੂਆਂ ਸਮੇਤ ਪਿੰਡ ਦੇ ਪਤਵੰਤਿਆਂ ਵਿੱਚ ਮਿਲ ਬੈਠ ਕੇ ਹੱਲ ਕਰ ਲਿਆ ਗਿਆ ਹੈ। ਇਸ ਸਮੇਂ ਪਿੰਡ ਚੌਹਾਨਕੇ ਕਲਾਂ ਦੀ ਮਸਜਿਦ ਨੂੰ ਮੁਸਲਿਮ ਟਾਈਗਰ ਫੋਰਸ ਵੱਲੋਂ 21 ਹਜਾਰ ਰੁਪਏ ਦੀ ਨਗਦ ਆਨਲਾਈਨ ਸਹਾਇਤਾ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਮਜ਼ਾਨ ਖਾਨ,ਮੁਹੰਮਦ ਫਕੀਰੀਆ, ਇਕਬਾਲ ਖਾਨ ਰਾਏਕੋਟ, ਭੋਲਾ ਖਾਨ, ਚਿਰਾਗ ਦੀਨ,ਜਾਨਾ ਖਾਨ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਸਰਕਾਰੀ ਕੰਨਿਆ ਸਕੂਲ ਵਿੱਚ ਧੂਮ ਧਾਮ ਨਾਲ ਮਨਾਇਆ ਹਿੰਦੀ ਦਿਵਸ



ਸ੍ਰੀ ਮਾਛੀਵਾੜਾ ਸਾਹਿਬ (ਲੋਕ ਬਾਣੀ)- -ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਹਿੰਦੀ ਦਿਵਸ ਮਨਾਇਆ ਗਿਆ। ਹਿੰਦੀ ਅਧਿਆਪਕ ਬਲਜੀਤ ਕੌਰ ਤੇ ਪ੍ਰਵੀਨ ਸ਼ਰਮਾ ਦੀ ਦੇਖ ਰੇਖ ਦੇ ਵਿੱਚ ਹਿੰਦੀ ਦਿਵਸ ਦਾ ਸੰਚਾਲਨ ਕੀਤਾ। ਇਸ ਹਿੰਦੀ ਦਿਵਸ ਦੇ ਵਿੱਚ ਹਿੰਦੀ ਭਾਸ਼ਾ ਨੂੰ ਮੁੱਖ ਰੱਖਦੇ ਹੋਏ ਕਵਿਤਾਵਾਂ, ਭਾਸ਼ਣ, ਸੁੰਦਰ ਲਿਖਾਈ, ਚਾਰਟ ਬਣਾਉਣਾ ਆਦਿ ਮੁਕਾਬਲੇ ਕਰਵਾਏ ਗਏ । ਬੱਚਿਆਂ ਨੇ ਹਿੰਦੀ ਭਾਸ਼ਾ ਦੇ ਪ੍ਰਤੀ ਆਪਣਾ ਪਿਆਰ ਦਿਖਾਉਂਦੇ ਹੋਏ ਬਹੁਤ ਹੀ ਵਧੀਆ ਰੰਗੋਲੀ ਵੀ ਬਣਾਈ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਇੰਚਾਰਜ ਨੇ ਹਰਦੀਪ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ। ਅੱਜ ਦੇ ਇਸ ਖਾਸ ਦਿਨ ਤੇ ਕੰਨਿਆ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ

# ਖਾਲਸਾ ਪਬਲਿਕ ਸਕੂਲ ਕਪਿਆਲ ਵਿੱਚ ਸੀ ਬੀ ਐਸਈ ਨੌਰਥ ਜੋਨ ਦੋ ਦੇ ਚੈਸ ਦੇ ਮੁਕਾਬਲੇ ਕਰਵਾਏ ਗਏ।

ਭਵਾਨੀਗੜ੍ਹ (ਲੋਕ ਬਾਣੀ) ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਪਿਆਲ ਵਿੱਚ ਸੀ ਬੀ ਐਸਈ ਨੌਰਥ ਜੋਨ ਦੋ ਦੇ ਚੈਸ ਦੇ ਮੁਕਾਬਲੇ ਕਰਵਾਏ ਗਏ ਇੰਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀਆਂ ਟੀਮਾਂ ਨੇ ਭਾਗ ਲਿਆ ਇਹਨਾਂ ਮੁਕਾਬਲਿਆਂ ਵਿੱਚ 11 ਤੋਂ ਲੈ ਕੇ 19 ਸਾਲ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ । ਇਸ ਮੌਕੇ ਸਕੂਲ ਦੇ ਚੇਅਰਮੈਨ ਕਰਮਜੀਤ ਸਿੰਘ ਢਿੱਲੋਂ ਨੇ ਕਿਹਾ ਕੀ ਜਿਲ੍ਹਾ ਸੰਗਰੂਰ ਅਤੇ ਬਲਾਕ ਭਵਾਨੀਗੜ੍ਹ ਲਈ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਏਡਾ ਵੱਡੇ ਮੁਕਾਬਲੇ ਸਾਡੇ ਜਿਲ੍ਹੇ ਸੰਗਰੂਰ ਦੇ ਹਿੱਸੇ ਆਏ ਹਨ ,ਇੰਨ੍ਹਾਂ ਮੁਕਾਬਲਿਆਂ ਵਿੱਚ 1000 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਚੇਅਰਮੈਨ ਕਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਮੇਰੀ ਇੱਛਾ ਕਈ ਸਾਲਾਂ ਤੋਂ ਸੀ ਕੀ ਬੱਚਿਆਂ ਲਈ ਕੁੱਝ ਵੱਖਰਾ ਕੀਤਾ ਜਾਵੇ ਕਿਉਂਕਿ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਦਿਨ ਪ੍ਰਤੀ ਦਿਨ ਘੱਟ ਰਹੀ ਹੈ। ਜਿੱਥੇ ਇਸ ਦਾ ਕਾਰਨ ਮੋਬਾਇਲ ਫੋਨ ਤੇ ਸਾਡਾ ਰਹਿਣ ਸਹਿਣ ਹੈ ਉੱਥੇ ਖੇਡਾਂ ਪ੍ਰਤੀ ਬੱਚਿਆਂ ਵਿੱਚ ਜਾਗਰੂਕਤਾ ਨਾ ਹੋਣ ਦਾ ਵੀ ਇੱਕ ਵੱਡਾ ਕਾਰਨ ਹੈ। ਅਸੀਂ ਬੱਚਿਆਂ ਨੂੰ ਜਿਸ ਕੰਮ ਲਈ ਉਤਸਾਹਤ ਕਰਾਂਗੇ ਤਾਂ ਬੱਚੇ ਉਸ ਕੰਮ ਵੱਲ ਨੂੰ ਜਰੂਰ ਜਾਣਗੇ। ਉਨਾਂ ਕਿਹਾ ਕੀ ਅਸੀਂ ਇਹ ਵੀ ਦੇਖਿਆ ਹੈ ਕਿ ਚੈਸ ਖੇਡ ਪੰਜਾਬ ਵਿੱਚ ਬਹੁਤ ਘੱਟ ਖੇਡੀ ਜਾਦੀ ਹੈ ਬੱਚਿਆਂ ਨੂੰ ਇਸ ਬਾਰੇ ਬਹੁਤ ਘੱਟ ਪਤਾ ਹੈ ,ਪਰ ਇਹ ਇੱਕ ਅਜਿਹੀ ਖੇਡ ਹੈ ਜਿਹੜੀ ਕਿਤੇ ਵੀ ਬੈਠ ਕੇ ਬੱਚੇ ਖੇਡ ਸਕਦੇ ਹਨ ਜਿਸ ਤਰ੍ਹਾਂ ਬੱਚੇ ਮੋਬਾਇਲ ਕਿਤੇ ਬੈਠ ਕੇ ਦੇਖ ਸਕਦੇ ਨੇ ਉਸੇ ਤਰ੍ਹਾਂ ਬੱਚੇ ਇਹ ਗੇਮ ਨੂੰ ਕਿਤੇ ਵੀ ਬੈਠ ਕੇ ਖੇਡ ਸਕਦੇ ਹਨ ਚਾਹੇ ਉਹ ਘਰ ਦੇ ਅੰਦਰ ਚਾਹੇ ਕਮਰੇ ਦੇ ਵਿੱਚ ਬੈਡ ਦੇ ਉੱਪਰ ਬਾਹਰ ਕਿਤੇ ਵੀ ਬੈਠ ਕੇ ਇਹ ਗੇਮ ਖੇਡੀ ਜਾ ਸਕਦੀ ਹੈ। ਢਿੱਲੋਂ ਨੇ ਦੱਸਿਆ ਕੀ ਮੁਕਾਬਲੇ ਦੌਰਾਨ ਇਹ ਵੀ ਦੇਖਿਆ ਹੈ ਕਿ ਜੋ ਵਿਦਿਆਰਥੀ ਇਹ ਖੇਡ ਖੇਡਦੇ ਹਨ ਉਹ ਬਹੁਤ ਹੀ ਜਿਆਦਾ ਸ਼ਾਂਤ ਸੁਭਾਅ ਦੇ ਹੋ ਜਾਂਦੇ ਹਨ, ਤੇ ਉਹ ਮੋਬਾਈਲ ਦੇਖਣ ਦੀ ਬਜਾਏ ਆਪਣਾ ਜਿਆਦਾ ਧਿਆਨ ਇਸ ਨੂੰ ਖੇਡਣ ਦੇ ਵਿੱਚ ਲਗਾਉਂਦੇ ਹਨ ।ਜਿਸ ਨਾਲ ਉਹਨਾਂ ਦੇ ਦਿਮਾਗ ਦਾ ਵਿਕਾਸ ਵੀ ਬਹੁਤ ਜਿਆਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕੀ ਮੁਕਾਬਲੇ ਵਿੱਚ ਹਰਿਆਣੇ ਦੇ ਸਭ ਤੋਂ ਜਿਆਦਾ ਵਿਦਿਆਰਥੀ ਸੀ ਅਤੇ ਪੰਜਾਬ ਦੇ ਬਹੁਤ ਹੀ ਘੱਟ ਵਿਦਿਆਰਥੀਆਂ ਸਨ । ਉਨ੍ਹਾਂ ਦੱਸਿਆ ਕੀ ਚੈਸ ਮੁਕਾਬਲਿਆਂ ਵਿੱਚ ਪਹਿਲਾਂ ਨਾਲੋ ਪੰਜਾਬ ਦੇ ਵਿੱਦਿਆਰਥੀਆਂ ਰੂਚੀ ਵੱਧ ਰਹੀ ਹੈ ,ਕਿਉਂਕਿ ਪਿਛਲੇ ਸਾਲ ਇੰਨੇ ਮੁਕਾਬਲਿਆਂ ਦੇ ਵਿੱਚ 653 ਬੱਚਿਆਂ ਨੇ ਹਿੱਸਾ ਲਿਆ ਸੀ ਤੇ ਇਸ ਵਾਰ ਚੈਸ ਮੁਕਾਬਲਿਆਂ ਵਿੱਚ ਇੰਨ੍ਹਾਂ ਦੀ ਗਿਣਤੀ ਇੱਕ ਹਜਾਰ ਵਿਦਿਆਰਥੀਆਂ ਹੋ ਗਈ। ਇਹਨਾਂ ਮੁਕਾਬਲਿਆਂ ਦੇ ਵਿੱਚ ਪੰਜਾਬ ਦੇ ਵਿਦਿਆਰਥੀ ਵੀ ਦੂਸਰਿਆਂ ਸਟੇਟਸ ਦੀ ਤਰ੍ਹਾਂ ਵੱਧ ਤੋਂ ਵੱਧ ਭਾਗ ਲੈਣ ਲਈ ਪਹੁੰਚੇ ਸੀ। ਢਿੱਲੋਂ ਨੇ ਕਿਹਾ ਕੀ ਮੈਨੂੰ ਪੂਰੀ ਆਸ ਹੈ ਕਿ ਜਿਸ ਤਰ੍ਹਾਂ ਸਾਡੇ ਪੰਜਾਬ ਦੇ ਖਿਡਾਰੀ ਹਾਕੀ ਤੇ ਕ੍ਰਿਕਟ ਟੀਮ ਆਦਿ ਵਿੱਚ ਪੂਰੇ ਦੇਸ਼ ਨੂੰ ਰੀਪ੍ਰਜੈਂਟ ਕਰਦੇ ਹਨ ਉਸੇ ਤਰ੍ਹਾਂ ਅਗਲੇ ਸਾਲ ਤੋਂ ਇਸ ਮੁਕਾਬਲਿਆਂ ਵਿੱਚ ਵੀ ਰੀਪ੍ਰਜੈਂਟ ਕਰਨਗੇ । ਉਨ੍ਹਾਂ ਦੱਸਿਆ ਇਹਨਾਂ ਮੁਕਾਬਲਿਆਂ ਦੌਰਾਨ ਪੰਜਾਬ ਸਰਕਾਰ ਦੇ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਅਤੇ ਸੰਗਰੂਰ ਤੋਂ ਐਮ ਐਲ ਏ ਨਰਿੰਦਰ ਕੌਰ ਭਰਾਜ ਨੇ ਵੀ ਇਸ ਪਰੋਗਰਾਮ ਸਮੂਲੀਅਤ ਕੀਤੀ । ਇੰਨ੍ਹਾਂ ਮੁਕਾਬਲਿਆਂ ਦੇ ਅਖੀਰਲੇ ਦਿਨ ਜਿੱਤਣ ਵਾਲੀਆਂ ਟੀਮਾਂ ਨੂੰ ਮੈਡਲ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਗਿੱਧਾ, ਭੰਗੜਾ,ਬੋਲੀਆਂ ਪੰਜਾਬੀ ਸੱਭਿਆਚਾਰ ਚ ਪਰੋਗਰਾਮ ਕਰਵਾਇਆ ਗਿਆ ਸਕੂਲ ਦੇ ਚੇਅਰਮੈਨ ਕਰਮਜੀਤ ਸਿੰਘ ਢਿੱਲੋਂ ਨੇ ਸਕੂਲ ਪ੍ਰਿੰਸੀਪਲ ਬਲਰਾਜ ਕੁਮਾਰ ,ਰਾਮਤੇਜ ਸਿੰਘ ਕਲੇਰ ਤੇ ਅਧਿਆਪਕਾਂ ਅਤੇ ਸਕੂਲ ਦੇ ਸਟਾਫ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਇਸ ਇਸ ਪਰੋਗਰਾਮ ਸਫਲ ਬਣਾਉਣ ਚ ਦਿਨ ਰਾਤ ਮਿਹਨਤ ਕੀਤੀ।




# ਜੰਨਤਾ ਪੱਖੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜਮਾਨਤ ਮਿਲਣਾ, ਲੋਕਤੰਤਰ ਵਿੱਚ ਸੱਚਾਈ ਦੀ ਵੱਡੀ ਜਿੱਤ ।

ਮਾਨਾ ਵਾਲਾ (ਲੋਕ ਬਾਣੀ) ਸੱਚ ਦਬਾਇਆ ਕਦੇ ਨਹੀਂ ਦਬਦਾ ਤੇ ਝੂਠ ਹਮੇਸ਼ਾਂ ਛੁਪਾਂਇਆ ਨਹੀਂ ਛੁਪਦਾ ਚਾਹੇ ਲੱਖ ਕੋਸ਼ਿਸ਼ਾਂ ਨਾਲ ਝੂਠ ਮੱਥੇ ਤੇ ਮੜਨ ਦੀ ਕੋਸ਼ਿਸ਼ ਵਿਚ ਕੋਈ ਲੱਗਾ ਰਹੇ ਹਮੇਸ਼ਾ ਸੱਚਾਈ ਦੀ ਹੀ ਜਿੱਤ ਹੁੰਦੀ ਹੈ ਝੂਠ ਦਾ ਧੱਬਾ ਮੜਨ ਵਾਲਿਆਂ ਨੂੰ ਹਮੇਸ਼ਾ ਮੂੰਹ ਦੀ ਹੀ ਖਾਣੀ ਪਈ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਣਜੀਤ ਰਾਣਾ ਪਿੰਡ ਮਾਨਾ ਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਹਨਾਂ ਕਿਹਾ ਕਿ ਅੱਜ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਜਮਾਨਤ ਮਿਲਣ ਨਾਲ ਜੇਲ ਤੋਂ ਰਿਹਾ ਹੋ ਕੇ ਵਾਪਸ ਪਰਤੇ ਹਨ ਜਿਨਾਂ ਨੇ ਆਪਣਾ ਪੂਰਾ ਸਮਾਂ ਜਨਤਾ ਦੇ ਭਲੇ ਅਤੇ ਉਹਨਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਲਗਾ ਦਿੱਤਾ ਤੇ ਕੇਂਦਰ ਨੂੰ ਇਹ ਸਭ ਰਾਸ ਨਾ ਆਇਆ ਤਾਂ ਉਹਨਾ ਇਕ ਇਮਾਨਦਾਰ ਇਨਸਾਨ ਦੇ ਕਲੰਕ ਮੱਥੇ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਜਨਤਾ ਭਲੀ ਭਾਤ ਜਾਣੂ ਹੋ ਚੁੱਕੀ ਸੀ ਕਿ ਕੇਜਰੀਵਾਲ ਇਕ ਇਮਾਨਦਾਰ ਮੁੱਖ ਮੰਤਰੀ ਹਨ ਇਸ ਲਈ ਅੱਜ ਜੋ ਫੈਸਲਾ ਸੁਪਰੀਮ ਕੋਰਟ ਨੇ ਸੁਣਾਇਆ ਹੈ ਮੈਂ ਉਸ ਦਾ ਧੰਨਵਾਦ ਕਰਦਾ ਹਾਂ ਅਤੇ ਆਪਣੇ ਹਲਕੇ ਦੇ ਐਮ,ਐਲ,ਏ ਜਸਵਿੰਦਰ ਸਿੰਘ ਰਮਦਾਸ ਜੀ ਨੂੰ ਬਹੁਤ ਬਹੁਤ ਮੁਬਾਰਕਾਂ ਭੇਟ ਕਰਦਾ ਹਾਂ ਰਣਜੀਤ ਰਾਣਾ ਨੇ ਕਹਾ ਕਿ ਭਾਵੇਂ ਰਮਦਾਸ ਜੀ ਕਿਸੇ ਜਰੂਰੀ ਕੰਮ ਲਈ ਬਾਹਰ ਸਨ ਪਰ ਇਸ ਖੁਸ਼ੀ ਦੇ ਮੌਕੇ ਉਹਨਾਂ ਨਾਲ ਜਦੋਂ ਸਾਡੀ ਫੋਨ ਤੇ ਗੱਲਬਾਤ ਹੋਈ ਤਾਂ ਉਹਨਾਂ ਨੇ ਸਾਨੂੰ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ ਇਸ ਜਿੱਤ ਦੀ ਖੁਸ਼ੀ ਵਿੱਚ ਅਸੀਂ ਆਪਣੀ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਪੰਜਾਬ ਦੇ ਸਰਪਰਸਤ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਹੋਰਾਂ ਨੂੰ ਵੀ ਇਸ ਮੁਬਾਰਕਬਾਦ ਦੀਆਂ ਬਹੁਤ ਬਹੁਤ ਵਧਾਈਆਂ ਦਿੰਦੇ ਹਾਂ ਰਣਜੀਤ ਰਾਣਾ ਨੇ ਇਹ ਵੀ ਕਿਹਾ ਕਿ ਇਮਾਨਦਾਰ ਸਰਕਾਰ ਦੇ ਸਰਬ ਪੱਖੀ ਵਿਕਾਸ ਵਿੱਚ ਆਉਣ ਵਾਲੇ ਫੈਸਲੇ ਵੀ ਜਨਤਾ ਦੇ ਹੱਕ ਵਿੱਚ ਹੀ ਹੋਣਗੇ।



# ਜ਼ਿਲ੍ਹਾ ਬਰਨਾਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ

(ਲੋਕ ਬਾਣੀ) ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 14.09.2024 ਨੂੰ ਜ਼ਿਲ੍ਹਾ ਕਚਹਿਰੀ ਕੰਪਲੈਕਸ, ਬਰਨਾਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਸ਼੍ਰੀ ਬੀ.ਬੀ.ਐੱਸ. ਤੇਜ਼ੀ, ਮਾਨਯੋਗ ਜਿਲ੍ਹਾ ਅਤੇ ਸੈਸ਼ਨਜ਼ ਜੱਜ—ਸਹਿਤ—ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਤਰ੍ਹਾਂ ਦੇ ਪ੍ਰੀ—ਲਿਟੀਗੇਟਿਵ ਅਤੇ ਪੈਂਡਿੰਗ ਕੇਸਾਂ ਦਾ ਸਮਝੌਤਾ ਕਰਕੇ ਨਿਪਟਾਰਾ ਕਰਨ ਲਈ ਸ਼੍ਰੀ ਕਪਿਲ ਦੇਵ ਸਿੰਗਲਾ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ ਜੱਜ, ਸ਼੍ਰੀ ਦੀਪਕ ਕੁਮਾਰ ਚੌਧਰੀ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਸ਼੍ਰੀ ਮੁਨੀਸ਼ ਗਰਗ, ਸਿਵਲ ਜੱਜ (ਸ.ਡ.), ਸ਼੍ਰੀ ਅਨੁਪਮ ਗੁਪਤਾ ਸਿਵਲ ਜੱਜ (ਜ.ਡ.), ਮਿਸ ਸੁਖਮੀਤ ਕੌਰ ਸਿਵਲ ਜੱਜ (ਜ.ਡ.), ਸ਼੍ਰੀ ਰਜਿੰਦਰਪਾਲ ਗੋਇਲ, ਚੇਅਰਮੈਨ, ਸਥਾਈ ਲੋਕ ਅਦਾਲਤ ਅਤੇ ਸ੍ਰੀ ਅਸੀਸ ਗਰੋਵਰ, ਪ੍ਰੈਜੀਡੈਂਟ, ਜਿਲ੍ਹਾ ਖਪਤਕਾਰ ਕਮਿਸ਼ਨ, ਬਰਨਾਲਾ ਦੇ ਕੁੱਲ 07 ਬੈਚਾਂ ਦਾ ਗਠਨ ਕੀਤਾ ਗਿਆ।

ਸ਼੍ਰੀ ਮਦਨ ਲਾਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਜੀ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 7267 ਕੇਸਾਂ ਦੀ ਸੁਣਵਾਈ ਕੀਤੀ ਗਈ ਅਤੇ ਜਿਨ੍ਹਾਂ ਵਿੱਚੋਂ 5782 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 7,84,01,790/- ਰੁਪਏ ਦੇ ਐਵਾਰਡ ਪਾਸ ਕੀਤੇ ਗਏ।

ਅੰਤ ਵਿੱਚ ਮਾਨਯੋਗ ਚੇਅਰਮੈਨ ਜੀ ਨੇ ਦੱਸਿਆ ਕਿ ਇਹਨਾਂ ਲੋਕ ਅਦਾਲਤਾਂ ਦੇ ਬਹੁਤ ਸਾਰੇ ਲਾਭ ਹਨ ਜਿਵੇਂ ਕਿ ਕੇਸਾਂ ਦਾ ਜਲਦੀ ਨਿਪਟਾਰਾ, ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ, ਲੋਕ ਅਦਾਲਤ ਦੇ ਫੈਸਲੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ ਅਤੇ ਫੈਸਲੇ ਅੰਤਿਮ ਹੁੰਦੇ ਹਨ, ਲੋਕ ਅਦਾਲਤ ਦੇ ਫੈਸਲੇ ਆਪਸੀ ਸਮਝੌਤੇ ਨਾਲ ਕਰਵਾਏ ਜਾਂਦੇ ਹਨ ਜਿਸ ਨਾਲ ਧਿਰਾਂ ਅਤੇ ਸਮਾਜ਼ ਵਿੱਚ ਵੱਡੇ ਪੱਧਰ ਦੇ ਸ਼ਾਂਤੀ ਬਹਾਲ ਹੁੰਦੀ ਹੈ, ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਿਤੀ 14.12.2024 ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ।

# ਤਹਿਸੀਲ ਕੈਂਪਸ ਤੋਂ ਬ੍ਰਹਮਾ ਕੁਮਾਰੀ ਸਮਾਜ ਵੱਲੋਂ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਜਾਗਰੂਕਤਾ ਰੱਥ ਕੀਤਾ ਰਵਾਨਾ



ਡੇਰਾਬਸੀ, (ਲੋਕ ਬਾਣੀ) ) ਭਾਰਤ ਸਰਕਾਰ ਦੇ ਸਮਾਜ ਭਲਾਈ ਮੰਤਰਾਲੇ ਵੱਲੋਂ ਬ੍ਰਹਮਾ ਕੁਮਾਰੀ ਦੇ ਸਹਿਯੋਗ ਨਾਲ ਨਸ਼ਿਆਂ ਦੀ ਰੋਕਥਾਮ ਲਈ ਇਹ ਹੈ ਲੋਕਾਂ ਨੂੰ ਸੁਨੇਹਾ, ਸਾਡਾ ਦੇਸ਼ ਨਸ਼ਾ ਮੁਕਤ ਹੋਵੇ ਮੁਹਿੰਮ ਤਹਿਤ ਜਾਗਰੂਕ ਰੱਥ ਦੀ ਸ਼ੁਰੂਆਤ ਕੀਤੀ ਗਈ। ਇਸ ਜਾਗਰੂਕਤਾ ਰੱਥ ਨੂੰ ਡੇਰਾਬਸੀ ਦੇ ਨਾਇਬ ਤਹਿਸੀਲਦਾਰ ਹਰਿੰਦਰ ਜੀਤ ਸਿੰਘ ਨੇ ਨਾਰੀਅਲ ਤੋੜ ਕੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਨਾਇਬ ਤਹਿਸੀਲਦਾਰ ਨੇ ਨਸ਼ਾ ਮੁਕਤ ਭਾਰਤ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਸਮਾਜ ਨੂੰ ਇਸ ਸਮੇਂ ਸਭ ਤੋਂ ਵੱਧ ਲੋੜ ਹੈ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਜ਼ਹਿਰ ਤੋਂ ਬਚਾਉਣ ਦੀ। ਇਸ ਮੌਕੇ ਡੇਰਾਬਸੀ ਵਿੱਚ ਪਾਮ ਸਿਟੀ ਹੈਬਤਪੁਰ ਸੈਂਟਰ ਦੀ ਇੰਚਾਰਜ ਬ੍ਰਹਮਾ ਕੁਮਾਰੀ ਨੀਲਮ ਦੀਦੀ ਨੇ ਸਮੂਹ ਸੱਜਣਾਂ ਨੂੰ ਬ੍ਰਹਮਾ ਕੁਮਾਰੀ ਹੈੱਡ ਆਫਿਸ ਮਾਊਂਟ ਆਬੂ ਅਤੇ ਗੁਰੂਗ੍ਰਾਮ ਵਿੱਚ ਓ.ਆਰ.ਸੀ. ਇੱਕ ਵਾਰ ਰਾਜਯੋਗਾ ਅਭਿਆਸ ਕਰਨ ਲਈ ਆਉਣ ਲਈ ਕਿਹਾ। ਉਨ੍ਹਾਂ ਸਾਰਿਆਂ ਨੂੰ ਗਿਫਟ ਤਸਵੀਰਾਂ ਅਤੇ ਪ੍ਰਸ਼ਾਦ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬ੍ਰਹਮਾ ਕੁਮਾਰੀ ਯੂਨੀਵਰਸਿਟੀ ਤੋਂ ਬ੍ਰਹਮਾ ਕੁਮਾਰੀ ਆਰਤੀ ਦੀਦੀ, ਬੀ.ਕੇ ਸ਼ਿਵ ਕੁਮਾਰ, ਭਾਈ ਰਾਜੂ, ਸੰਦੀਪ ਭਾਈ, ਰਵਿੰਦਰ ਵੈਸ਼ਨਵ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਵਿਅਕਤੀ ਹਾਜ਼ਰ ਸਨ।

# ਹੇਡੋਂ ਬੇਟ ਦੇ ਦੰਗਲ ਮੇਲੇ ਵਿੱਚ ਲੋਕਾਂ ਦਾ ਹੋਇਆ ਠਾਠਾ ਮਾਰਦਾ ਇਕੱਠ- ਹਿੰਦੁਸਤਾਨ ਸਮੇਤ ਵਿਦੇਸ਼ੀ ਪਹਿਲਵਾਨਾਂ ਨੇ ਦਿਖਾਏ ਕੁਸ਼ਤੀਆਂ ਦੇ ਜੌਹਰ , ਜੱਸਾ ਪੱਟੀ , ਗੌਰਵ ਮਾਛੀਵਾੜਾ, ਮਿਰਜ਼ਾ ਇਰਾਨ, ਮਹਿੰਦਰ ਗਾਇਕਵਾੜ, ਤਾਲਿਬ ਬਾਬਾ ਫਲਾਹੀ ਕਮਲ ਡੂਮਛੇੜੀ ਪਹਿਲਵਾਨ ਜਿੱਤੇ

ਸ੍ਰੀ ਮਾਛੀਵਾੜਾ ਸਾਹਿਬ -(ਲੋਕ ਬਾਣੀ)- ਗ੍ਰਾਮ ਪੰਚਾਇਤ ਅਤੇ ਗੁੱਗਾ ਜਾਹਿਰ ਵੀਰ ਪ੍ਰਬੰਧਕ ਕਮੇਟੀ ਹੈਡੋਂ ਬੇਟ ਵਲੋਂ ਸਦੀਆਂ ਤੋਂ ਚੱਲੇ ਆ ਰਹੇ ਦੰਗਲ ਮੇਲੇ ਦੀ ਰੀਤ ਨੂੰ ਅੱਗੇ ਤੋਰਦਿਆਂ ਵਿਸ਼ਾਲ ਦੰਗਲ ਮੇਲਾ ਕਰਾਇਆ ਜਿਸ ਵਿੱਚ ਹਿੰਦੁਸਤਾਨ ਸਮੇਤ ਵਿਦੇਸ਼ੀ ਪਹਿਲਵਾਨਾਂ ਨੇ ਵੀ ਆਪਣੀਆਂ ਕੁਸ਼ਤੀਆਂ ਤੇ ਜੌਹਰ ਦਿਖਾਏ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਾਲ ਵੀ ਇਲਾਕਾ ਨਿਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਪਿੰਡ ਹੇਡੋਂ ਬੇਟ ਵਿਖੇ ਸਦੀਆਂ ਪੁਰਾਣਾ ਦੋ ਰੋਜ਼ਾ ਦੰਗਲ ਮੇਲਾ ਕਰਵਾਇਆ ਗਿਆ। ਇਸ ਦੋ ਦਿਨਾਂ ਦੰਗਲ ਮੇਲੇ ਵਿਚ ਬਾਬਾ ਦੀਪਾ ਫਲਾਹੀ ਦੀ ਦੇਖ ਰੇਖ ਹੇਠ 700 ਤੋਂ ਵੱਧ ਕੁਸ਼ਤੀਆਂ ਹੋਈਆਂ। ਪੰਜਾਬ ਦਾ ਇਹ ਪਹਿਲਾ ਅਜਿਹਾ ਦੰਗਲ ਮੇਲਾ ਹੋ ਨਿਬੜਿਆ ਜਿੱਥੇ ਚੋਟੀ ਦੇ ਸਾਰੇ ਪਹਿਲਵਾਨ ਪੁੱਜੇ । ਪਹਿਲਵਾਨਾਂ ਨੂੰ ਇਨਾਮ ਦੇ ਤੌਰ ਤੇ ਦੇਣ ਲਈ ਪੰਜ ਬੁੱਲਟ ਮੋਟਰਸਾਈਕਲ, ਇਕ ਸੀਡੀ ਡੀਲਕਸ ਮੋਟਰਸਾਈਕਲ, ਦੋ ਝੋਟੀਆਂ ਸੋਨੇ ਦਾ ਕੜਾ, 25 ਤੋਂ ਵਧੇਰੇ ਸੋਨੇ ਦੀਆਂ ਮੁੰਦੀਆਂ ਸਮੇਤ ਲੱਖਾਂ ਦੇ ਇਨਾਮ ਦਿੱਤੇ ਗਏ। ਦੰਗਲ ਮੇਲੇ ਵਿਚ ਸਟਾਰ ਪਹਿਲਵਾਨ ਜੱਸਾ ਪੱਟੀ ਨੇ ਪ੍ਰਿਥਵੀਰਾਜ ਮਹੌਲ ਮਹਾਂਰਾਸ਼ਟਰ ਨੂੰ, ਮਹਿੰਦਰ ਗਾਇਕਵਾੜ ਨੇ ਭੁਪਿੰਦਰ ਅਜਨਾਲਾ ਨੂੰ, ਰਜਤ ਦਿੱਲੀ ਨੇ ਗਣੇਸ਼ ਜਗਤਾਪ ਨੂੰ, ਮੇਜਰ ਇਰਾਨੀ ਨੇ ਪ੍ਰਿੰਸ ਕੁਹਾਲੀ ਨੂੰ, ਤਾਲਿਬ ਬਾਬਾ ਫਲਾਹੀ ਨੇ ਰੋਜ਼ੀ ਕਪੂਰਥਲਾ ਨੂੰ, ਗੌਰਵ ਮਾਛੀਵਾੜਾ ਨੇ ਕਾਲੂ ਬਾਹੜੂਵਾਲ ਨੂੰ ਅਤੇ ਕਮਲਜੀਤ ਡੂਮਛੇੜੀ ਨੇ ਬਾਬਾ ਫਰੀਦ ਦੀਨਾਨਗਰ ਨੂੰ ਹਰਾ ਕੇ ਮੇਲੀਆਂ ਦਾ ਮਨ ਖੁਸ਼ ਕਰ ਦਿੱਤਾ। ਜੇਤੂ ਪਹਿਲਵਾਨਾਂ ਨੂੰ ਛਿੰਦਰਪਾਲ ਠੇਕੇਦਾਰ, ਜਸਪ੍ਰੀਤ ਸਿੰਘ, ਗਰਪੀਤ ਸਿੰਘ ਇਟਲੀ, ਮੀਨਾ ਕੁਮਾਰੀ ਪਤਨੀ ਗੁਰਜੀਤ ਸਿੰਘ ਰਾਏਪੁਰ ਰੇਟ, ਜਪਤੇਜ ਸਿੰਘ ਪੋਤਰਾ ਸਵ. ਬਲਵੀਰ ਸਿੰਘ, ਰਵੀ ਮੰਡ ਅਮਰੀਕਾ, ਸੇਫ਼ਪ੍ਰੀਤ ਸਿੰਘ ਧਾਂਦਲੀ ਪੁੱਤਰ ਦਿਲਬਾਰਾ ਸਿੰਘ ਅਮਰੀਕਾ ਵਲੋਂ ਦਿੱਤੇ ਮੋਟਰਸਾਈਕਲ ਅਤੇ ਕੁਲਦੀਪ ਸਿੰਘ ਗਰੇਵਾਲ ਤੇ ਲਖਵੀਰ ਸਿੰਘ ਪੁੱਤਰ ਪਿਆਰਾ ਸਿੰਘ ਮੱਕੋਵਾਲ ਵਲੋਂ ਦਿੱਤੀਆਂ ਝੋਟੀਆਂ, ਸੋਨੇ ਦਾ ਕੜਾ ਤੇ ਮੁੰਦਰੀਆਂ ਦੇਣ ਦੀ ਰਸਮ ਹਲਕਾ ਇੰਚਾਰਜ਼ ਕਾਂਗਰਸ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸੁਰਿੰਦਰ ਬਾਂਸਲ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸਾਬਕਾ ਚੇਅਰਮੈਨ ਛਿੰਦਰਪਾਲ ਹਿਯਾਤਪੁਰ, ਪੀਏ ਹਰਚੰਦ ਸਿੰਘ, ਪੀਏ ਗੁਰਮੁਖ ਸਿੰਘ, ਅਮਿੰਤਪਾਲ ਸਿੰਘ ਗੁਰੋਂ, ਮਨੋਜ ਬਾਂਸਲ, ਆਦਿ ਨੇ ਅਦਾ ਕੀਤੀ। ਪ੍ਰਬੰਧਕ ਕਮੇਟੀ ਵਲੋਂ ਬਾਬਾ ਦੀਪਾ ਫਲਾਹੀ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਦੰਗਲ ਮੇਲੇ ਦਾ ਅੱਖੀਂ ਡਿੱਠਾ ਹਾਲ ਸ਼ਿਵ ਬੈਂਸ ਤੇ ਰਜਿੰਦਰ ਸਿੰਘ ਰਾਜੂ ਨੇ ਸੁਣਾਇਆ ਅਤੇ ਜਸਪ੍ਰੀਤ ਸਿੰਘ ਜੱਸਾ, ਪ੍ਰਿੰਸੀਪਲ ਸੁਰਜੀਤ ਸਿੰਘ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ । ਅਖਾੜੇ ਵਿੱਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਪਹਿਲਵਾਨ ਮਹਿੰਦਰ ਸਿੰਘ ਕੱਚਾ ਮਾਛੀਵਾੜਾ , ਜੀਤੀ ਮਾਛੀਵਾੜਾ, ਪੰਮੀ ਮਾਛੀਵਾੜਾ ਦੀ ਨਿਗਰਾਨੀ ਹੇਠ ਹੋਈ ਜਦਕਿ ਪਹਿਲਵਾਨਾਂ ਦੇ ਜੋੜ ਮਿਲਾਉਣ ਦੀ ਸੇਵਾ ਦੀਪਾ ਬਾਬਾ ਫਲਾਈ ਵਾਲਿਆਂ ਨੇ ਨਿਭਾਈ।ਆਈਆਂ ਸੰਗਤਾਂ ਲਈ ਪਿੰਡ ਰਾਏਪੁਰ ਬੇਟ ਦੀ ਸੰਗਤ ਵਲੋਂ ਅਤੁੱਟ ਲੰਗਰ ਵਰਤਾਏ ਗਏ। ਦੰਗਲ ਮੇਲੇ ਨੂੰ ਸਫਲ ਬਣਾਉਣ ਲਈ ਸਰਪੰਚ ਗੁਰਪਾਲ ਸਿੰਘ ,ਲੰਬਰਦਾਰ ਜਸਵਿੰਦਰ ਸਿੰਘ, ਮੇਲਾ ਸੈਕਟਰੀ ਜਸਪ੍ਰੀਤ ਸਿੰਘ ਜੱਸਾ, ਪੰਚ ਕਮਲਜੀਤ ਸਿੰਘ, ਖ਼ਜ਼ਾਨਚੀ ਕਮਲਪ੍ਰੀਤ ਸਿੰਘ ਧਾਂਦਲੀ, ਮੱਖਣ ਸਿੰਘ ਸੈਕਟਰੀ, ਪ੍ਰਿੰਸੀਪਲ ਸੁਰਜੀਤ ਸਿੰਘ, ਸੁਖਵਿੰਦਰ ਸਿੰਘ ਬਾਜਵਾ, ਲੰਬਰਦਾਰ ਕਸ਼ਮੀਰਾ ਸਿੰਘ , ਆੜ੍ਹਤੀ ਅਮਰ ਸਿੰਘ, ਸੰਮਤੀ ਮੈਂਬਰ ਚਮਨ ਲਾਲ, ਪ੍ਰਿੰਸੀਪਲ ਪਰਮਜੀਤ ਸਿੰਘ , ਅਮਰੀਕ ਸਿੰਘ, ਸ਼ਮਸ਼ੇਰ ਸਿੰਘ ਪੰਚ , ਗੁਰਦੁਆਰਾ ਪ੍ਰਧਾਨ ਗੁਰਨਾਮ ਸਿੰਘ,ਜਸਪਾਲ ਸਿੰਘ, ਜਗਦੀਸ਼ ਸਿੰਘ, ਸੁਰਿੰਦਰ ਸਿੰਘ, ਗੁਰਵਿੰਦਰ ਸਿੰਘ ਨੰਬਰਦਾਰ , ਪੰਚ ਸਵਰਨ ਸਿੰਘ, ਮਾਸਟਰ ਸੁਰਜੀਤ ਸਿੰਘ ਦੀ ਕੀਤੀ ਪੂਰੀ ਮਿਹਨਤ ਹਜ਼ਾਰਾਂ ਦੇ ਰੂਪ ਵਿੱਚ ਦਰਸ਼ਕਾਂ ਦੇ ਠਾਠਾਂ ਮਾਰਦੇ ਇਕੱਠ ਨਾਲ ਸਫਲ ਹੋਈ। ਇਸ ਮੌਕੇ ਗੁਰਪ੍ਰੀਤ ਸਿੰਘ, ਜਰਨੈਲ ਸਿੰਘ ,ਰਜਿੰਦਰ ਸਿੰਘ, ਪਰਮਜੀਤ ਸਿੰਘ, ਹਰਦੀਪ ਸਿੰਘ, ਪ੍ਰਦੀਪ ਸਿੰਘ, ਗੁਰਵਿੰਦਰ ਸਿੰਘ ਬੱਬੂ, ਰਣਜੀਤ ਸਿੰਘ ਛੌੜੀਆਂ, ਗੁਰਜੰਟ ਸਿੰਘ , ਸੁਖੀ ਹੈਡੋਂ, ਗਗਨ ਹੈਡੋਂ, ਸੁਖਜੀਤ ਸਿੰਘ, ਗੁਰਜੀਤ ਸਿੰਘ, ਵੀਰ ਬੱਬੂ ਧਾਂਦਲੀ,ਸੁੱਖੀ ਧਾਂਦਲੀ, ਗੁਰ ਕਿਰਪਾ ਕੰਟਰਕਸ਼ਨ ਕੰਪਨੀ ਅਤੇ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਠਾਠਾਂ ਮਾਰਦਾ ਲੋਕਾਂ ਦਾ ਇਕੱਠ ਮੇਲੇ ਦਾ ਆਨੰਦ ਮਾਣ ਰਿਹਾ ਸੀ।



SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565